## ਸੂਚਨਾ

ਸਮੂਹ ਪਾਠਕਾਂ, ਏਜੰਟ ਸਾਹਿਬਾਨ ਅਤੇ ਇਸ਼ਤਿਹਾਰੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ 'ਆਜ਼ਾਦ ਸੋਚ' ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੋਰਟ ਨੋਟਿਸਾਂ ਨੂੰ ਪ੍ਰਕਾਸ਼ਿਤ ਕਰਨ ਲਈ ਪੰਜਾਬ ਦੇ ਨਾਲ ਨਾਲ ਹੁਣ ਹਰਿਆਣਾ ਸੂਬੇ ਦੀਆਂ ਅਦਾਲਤਾਂ ਲਈ ਵੀ ਮਾਨਤਾ ਪ੍ਰਾਪਤ ਹੋ ਚੁੱਕਿਆ ਹੈ। ਹਰਿਆਣਾ ਸੂਬੇ ਦੀਆਂ ਅਦਾਲਤਾਂ ਵਿਚੋਂ ਜਾਰੀ ਕੋਰਟ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਸਾਡੇ ਹੇਠ ਲਿਖੇ ਪ੍ਰਤੀਨਿੱਧ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਰਾਕੇਸ਼ ਗੋਇਲ (ਇਸ਼ਤਿਹਾਰ ਮੈਨੇਜਰ)**
**ਮੋ: 86995-69067**

ਹਰ ਖ਼ਬਰ ਤੱਕ ਪਹੁੰਚ, ਪੜ੍ਹੋ ਰੋਜ਼ਾਨਾ ਆਜ਼ਾਦ ਸੋਚ

# ਆਜ਼ਾਦ ਸੋਚ ™

Postal No. PB/PTA/ (055) 2023-25
R.N.I N O. 61549/92
Website :
www.azadsoch.in
Mail Us at :
azadsoach92@gmail.com
(ਕੇਵਲ ਖ਼ਬਰਾਂ ਲਈ)
azadsochadvt@gmail.com
(ਕੇਵਲ ਇਸ਼ਤਿਹਾਰਾਂ ਲਈ)

www.facebook.com/Azadsoch www.youtube.com/AzadSoch

ਸੰਗਰੂਰ ਤੋਂ ਪ੍ਰਕਾਸ਼ਿਤ

ਸਾਲ (Year) 33 | ਅੰਕ (Vol. ) 127 | ਮੁੱਲ (Rate ) 2.00 ਰੁਪਏ | Sunday 12 May , 2024 | ਐਤਵਾਰ 12 ਮਈ , 2024

ਮੁੱਖ ਸੰਪਾਦਕ : ਸੁਰਿੰਦਰ ਕੁਮਾਰ 93566-05100, ਅਨਿਲ ਕੁਮਾਰ ਗਰਗ : 9317755000 ਡਾਕ ਪਤਾ : ਸਾਹਮਣੇ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ, ਨੇੜੇ 24 ਨੰ: ਫਾਟਕ ,ਧਾਮੋਂ ਮਾਜਰਾ ਰੋਡ ਪਟਿਆਲਾ


### ਅਰਵਿੰਦ ਕੇਜਰੀਵਾਲ ਨੇ ਪ੍ਰੈਸ ਕਾਨਫ਼ਰੰਸ ਦੌਰਾਨ ਭਾਜਪਾ 'ਤੇ ਸਾਧਿਆ ਤਿੱਖਾ ਨਿਸ਼ਾਨਾ

# ਮੇਰੇ ਖ਼ੂਨ ਦੀ ਹਰ ਬੂੰਦ ਦੇਸ਼ ਲਈ ਤੇ ਮੈਂ 140 ਕਰੋੜ ਲੋਕਾਂ ਤੋਂ ਭੀਖ ਮੰਗਣ ਆਇਆ ਹਾਂ: ਕੇਜਰੀਵਾਲ

## ਕੇਜਰੀਵਾਲ ਨੇ ਜੇਲ੍ਹ ਚੋਂ ਬਾਹਰ ਆਉਣ ਮਗਰੋਂ ਹਨੂੰਮਾਨ ਮੰਦਰ ਵਿਖੇ ਪੂਜਾ ਅਰਚਨਾ ਕੀਤੀ

**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ , 11 ਮਈ**

ਸੁਪਰੀਮ ਕੋਰਟ ਨੇ ਸ੍ਰੀ ਅਰਵਿੰਦ ਕੇਜਰੀਵਾਲ ਨੂੰ 1 ਜੂਨ ਤੱਕ ਅੰਤਰਿਮ ਜ਼ਮਾਨਤ 'ਤੇ ਰਿਹਾਅ ਕਰਨ ਦੇ ਹੁਕਮ ਨਾਲ ਬੀਤੀ ਕੇਜਰੀਵਾਲ ਜੇਲ੍ਹ ਤੋਂ ਬਾਹਰ ਆ ਗਏ। ਜਿਸ ਤੋਂ ਬਾਅਦ ਅੱਜ ਉਹ ਹਨੂੰਮਾਨ ਮੰਦਰ ਮੱਥਾ ਟੇਕਣ ਲਈ ਪੁੱਜੇ। ਅੱਜ ਕੇਜਰੀਵਾਲ ਨੇ ਆਪਣੀ ਪਤਨੀ ਸੁਨੀਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਕਨਾਟ ਪਲੇਸ ਸਥਿਤ ਹਨੂੰਮਾਨ ਮੰਦਰ ਵਿਖੇ ਪੂਜਾ ਅਰਚਨਾ ਵੀ ਕੀਤੀ ਉਸ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਮ ਆਦਮੀ ਪਾਰਟੀ ਦੇ ਦਫ਼ਤਰ ਵਿਖੇ ਮੀਡੀਆ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਨੇ ਭਾਜਪਾ 'ਤੇ ਤਿੱਖਾ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਮੈਂ ਜੇਲ੍ਹ ਤੋਂ 50 ਦਿਨਾਂ ਬਾਅਦ ਸਿੱਧਾ ਤੁਹਾਡੇ ਕੋਲ ਆ ਰਿਹਾ ਹਾਂ। ਸਾਡੀ ਪਾਰਟੀ ਨੂੰ ਬਜਰੰਗਬਲੀ ਦਾ ਆਸ਼ੀਰਵਾਦ ਹੈ। ਉਸ ਦੀ ਕਿਰਪਾ ਸਦਕਾ ਅੱਜ ਮੈਂ ਤੁਹਾਡੇ ਵਿਚਕਾਰ ਹਾਂ, ਇਹ ਇੱਕ ਚਮਤਕਾਰ ਹੋਇਆ ਹੈ।ਕੇਜਰੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਤੁਹਾਨੂੰ ਕੁਚਲਣ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ ਮੈਨੂੰ ਜੇਲ੍ਹ ਭੇਜ ਦਿੱਤਾ। ਮੋਦੀ ਨੇ ਸਭ ਤੋਂ ਵੱਧ ਚੋਰਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕੀਤਾ।ਕੇਜਰੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦਾ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਭਾਜਪਾ ਨੂੰ ਚੁਣੌਤੀ ਦੇਵੇਗੀ। 'ਆਪ' ਸਿਰਫ ਇੱਕ ਪਾਰਟੀ ਨਹੀਂ ਹੈ, ਸਗੋਂ ਇੱਕ ਵਿਚਾਰ ਹੈ ਜੋ ਲਗਾਤਾਰ ਵਧਦਾ ਜਾ ਰਿਹਾ ਹੈ। ਕੇਜਰੀਵਾਲ ਨੇ ਕਿਹਾ ਕਿ ਭਾਜਪਾ ਨੂੰ ਵੀ ਲੱਗਦਾ ਹੈ ਕਿ ਆਮ ਆਦਮੀ ਪਾਰਟੀ ਦੇਸ਼ ਦਾ ਭਵਿੱਖ ਹੈ, ਇਸੇ ਲਈ ਉਹ ਸਾਨੂੰ ਖਤਮ ਕਰਨਾ ਚਾਹੁੰਦੀ ਹੈ ਉਨ੍ਹਾਂ ਕਿਹਾ ਕਿ ਪੀ.ਐਮ ਨਰਿੰਦਰ ਮੋਦੀ ਨੇ ਇੱਕ ਖਤਰਨਾਕ ਮਿਸ਼ਨ ਸ਼ੁਰੂ ਕੀਤਾ ਹੈ ਅਤੇ ਉਹ ਹੈ ਵਨ-ਨੇਸ਼ਨ-ਵਨ-ਲੀਡਰ। ਇਸ ਦੇ ਤਹਿਤ ਉਹ ਦੇਸ਼ ਦੇ ਸਾਰੇ ਨੇਤਾਵਾਂ ਨੂੰ ਖਤਮ ਕਰਨਾ ਚਾਹੁੰਦੇ ਹਨ, ਸਾਰੇ ਵਿਰੋਧੀ ਨੇਤਾਵਾਂ ਨੂੰ ਜੇਲ 'ਚ ਬੰਦ ਕਰਨਾ ਚਾਹੁੰਦੇ ਹਨ ਅਤੇ ਭਾਜਪਾ ਦੇ ਸਾਰੇ ਨੇਤਾਵਾਂ ਨੂੰ ਖਤਮ ਕਰਨਾ ਚਾਹੁੰਦੇ ਹਨ, ਉਨ੍ਹਾਂ ਦੀ ਰਾਜਨੀਤੀ ਖਤਮ ਕਰੋ-ਮਮਤਾ ਬੈਨਰਜੀ, ਸਟਾਲਿਨ, ਊਧਵ ਠਾਕਰੇ ਕੁਝ ਦਿਨਾਂ ਬਾਅਦ ਯੂ.ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਰਾਜਨੀਤੀ ਨੂੰ ਖਤਮ ਕਰਨ ਲਈ ਤੇਜਸ਼ੀ ਯਾਦਵ ਸਮੇਤ ਸਾਰੇ ਵਿਰੋਧੀ ਨੇਤਾਵਾਂ ਨੂੰ ਜੇਲ੍ਹ 'ਚ ਬੰਦ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਜੇਕਰ ਭਾਜਪਾ ਜਿੱਤ ਪ੍ਰਾਪਤ ਕਰਦੀ ਹੈ ਤਾਂ ਯੋਗੀ ਆਦਿੱਤਿਆਨਾਥ ਦੀ ਰਾਜਨੀਤੀ ਨੂੰ ਖਤਮ ਕਰ ਦੇਣਗੇ।ਕੇਜਰੀਵਾਲ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਮੈਨੂੰ 21 ਦਿਨਾਂ ਦਾ ਸਮਾਂ ਦਿੱਤਾ ਹੈ, ਮੈਂ ਦੇਸ਼ਭ ਭਰ ਦੀ ਯਾਤਰਾ ਕਰਾਂਗਾ। ਮੇਰੇ ਖ਼ੂਨ ਦੀ ਹਰ ਬੂੰਦ ਦੇਸ਼ਥ ਲਈ ਹੈ ਅਤੇ ਮੈਂ 140 ਕਰੋੜ ਲੋਕਾਂ ਤੋਂ ਭੀਖ ਮੰਗਣ ਆਇਆ ਹਾਂ।



# ਕੇਂਦਰ 'ਚ ਬਣਨ ਵਾਲੀ 'ਇੰਡੀਆ' ਗਠਜੋੜ ਸਰਕਾਰ ਦਾ ਹਿੱਸਾ ਹੋਵੇਗੀ 'ਆਪ': ਮਾਨ

## ਪਹਿਲੇ 3 ਗੇੜਾਂ ਨੇ ਦੱਸ ਦਿੱਤਾ ਭਾਜਪਾ ਨੂੰ ਪਛੜ ਰਹੀ ਹੈ: ਮਾਨ

ਨਵੀਂ ਦਿੱਲੀ, 11 ਮਈ (ਪ.ਪ.):ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ 'ਆਪ' 4 ਜੂਨ ਨੂੰ ਕੇਂਦਰ ਵਿੱਚ ਬਣਨ ਵਾਲੀ ਇੰਡੀਆ ਗਠਜੋੜ ਸਰਕਾਰ ਦਾ ਹਿੱਸਾ ਹੋਵੇਗੀ ਅਤੇ ਕਿਹਾ ਕਿ ਭਾਜਪਾ ਲੋਕ ਸਭਾ ਚੋਣਾਂ ਵਿੱਚ 400 ਸੀਟਾਂ ਨੂੰ ਪਾਰ ਨਹੀਂ ਕਰੇਗੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ 'ਤੇ ਰਿਹਾਅ ਕੀਤੇ ਜਾਣ ਤੋਂ ਇਕ ਦਿਨ ਬਾਅਦ ਆਮ ਆਦਮੀ ਪਾਰਟੀ (ਆਪ) ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, 'ਮੈਂ ਹਰ ਥਾਂ ਕਿਹਾ ਸੀ, ਕੇਜਰੀਵਾਲ ਇੱਕ ਵਿਅਕਤੀ ਨਹੀਂ, ਸਗੋਂ ਇੱਕ ਸੋਚ ਹੈ। ਤੁਸੀਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦੇ ਹੋ ਪਰ ਇੱਕ ਵਿਚਾਰ ਨਹੀਂ। ਦਿੱਲੀ ਦੇ ਇਨਕਲਾਬੀ ਲੋਕਾਂ ਦਾ ਧੰਨਵਾਦ ਜੋ ਔਖੇ ਸਮੇਂ ਵਿੱਚ ਪਾਰਟੀ ਦੇ ਨਾਲ ਖੜੇ ਹਨ।' ਉਨ੍ਹਾਂ ਕਿਹਾ ਕਿ ਚੋਣਾਂ 'ਚ ਸਿਰਫ਼ 20 ਦਿਨ ਬਾਕੀ ਹਨ, ਇਸ ਲਈ ਸਖ਼ਤ ਮਿਹਨਤ ਕਰਨ ਦੀ ਲੋੜ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ 'ਚ ਭਾਜਪਾ ਅਤੇ ਕਾਂਗਰਸ ਦਾ ਸਫਾਇਆ ਹੋ ਜਾਵੇਗਾ ਅਤੇ ਸਾਰੀਆਂ 13 ਸੀਟਾਂ 'ਆਪ' ਦੇ ਹਿੱਸੇ ਜਾਣਗੀਆਂ।



# ਪੰਜਾਬੀ ਦੇ ਉੱਘੇ ਕਵੀ ਸੁਰਜੀਤ ਪਾਤਰ ਨਹੀਂ ਰਹੇ

ਮਾਨਸਾ, 11 ਮਈ (ਪ.ਪ.):ਪੰਜਾਬੀ ਦੇ ਪ੍ਰਸਿੱਧ ਕਵੀ ਸੁਰਜੀਤ ਪਾਤਰ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਹ ਚੰਗੇ ਭਲੇ ਰਾਤ ਨੂੰ ਲੁਧਿਆਣਾ ਵਿਖੇ ਆਪਣੇ ਘਰ ਸੁੱਤੇ ਹਨ ਅਤੇ ਸਵੇਰ ਨੂੰ ਉਠੇ ਨਹੀਂ ਸਕੇ। ਉਹ 79 ਸਾਲ ਦੇ ਸਨ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸਵੇਰੇ ਸਾਢੇ ਛੇ ਵਜੇ ਦੇ ਕਰੀਬ ਉਨ੍ਹਾਂ ਦੀ ਪਤਨੀ ਭੁਪਿੰਦਰ ਕੌਰ ਨੇ ਜਗਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ, ਜਿਸ ਤੋਂ ਬਾਅਦ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪਾਤਰ ਦੇ ਪਰਿਵਾਰ 'ਚ ਪਤਨੀ ਅਤੇ ਦੋ ਪੁੱਤਰ ਹਨ। ਇੱਕ ਪੁੱਤਰ ਆਸਟਰੇਲੀਆ ਵਿੱਚ ਰਹਿੰਦਾ ਹੈ। ਪਾਤਰ ਨੇ ਸੱਠਵੇਂ ਦਹਾਕੇ ਦੇ ਅੱਧ ਵਿੱਚ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ ਅਤੇ ਉਨ੍ਹਾਂ ਦੀਆਂ ਪ੍ਰਸਿੱਧ ਕਾਵਿ ਰਚਨਾਵਾਂ ਵਿੱਚ ਹਵਾ ਵਿਚ ਲਿਖੇ ਹਰਫ਼, ਬਿਰਖ ਅਰਜ਼ ਕਰੇ, ਹਨੇਰੇ ਵਿਚ ਸੁਲਗਦੀ ਵਰਨਮਾਲਾ, ਲਫ਼ਜ਼ਾਂ ਦੀ ਦਰਗਾਹ, ਪਤਝੜ ਦੀ ਪਜ਼ੇਬ ਅਤੇ ਸਰਜ਼ਮੀਨ ਸ਼ਾਮਲ ਹਨ।



# ਪੰਜਾਬ ਸਰਕਾਰ ਵੱਲੋਂ ਝੋਨੇ ਲੁਵਾਈ ਦੋ ਗੇੜਾਂ 'ਚ 11 ਤੇ 15 ਜੂਨ ਤੋਂ ਸ਼ੁਰੂ ਕਰਾਉਣ ਦਾ ਫ਼ੈਸਲਾ



ਮਾਨਸਾ, 11 ਮਈ (ਪ.ਪ.): ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਝੋਨੇ ਦੀ ਲੁਵਾਈ ਦੋ ਗੇੜਾਂ ਵਿੱਚ ਕਰਾਉਣ ਦਾ ਫੈਸਲਾ ਕਰਦਿਆਂ ਇਹ 11 ਅਤੇ 15 ਜੂਨ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਝੋਨੇ ਦੀ ਸਿੱਧੀ ਬਿਜਾਈ ਸਾਰੇ ਰਾਜ ਵਿੱਚ 15 ਮਈ ਤੋਂ ਆਰੰਭ ਕਰਨ ਦਾ ਫੈਸਲਾ ਲਿਆ ਗਿਆ ਹੈ। ਪੰਜਾਬ ਸਰਕਾਰ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਵਿਸ਼ੇਸ਼ ਮੁੱਖ ਸਕੱਤਰ ਕੇਏਪੀ ਸਿਨਹਾ ਵੱਲੋਂ ਅੱਜ ਜਾਰੀ ਨੋਟੀਫਿਕੇਸ਼ਨ ਅਨੁਸਾਰ ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਮਾਨਸਾ, ਫਾਜ਼ਿਲਕਾ, ਬਠਿੰਡਾ, ਫਿਰੋਜ਼ਪੁਰ ਅਤੇ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਕੰਡਿਆਲੀ ਤਾਰ ਤੋਂ ਪਾਰ ਦੇ ਖੇਤਰ ਵਿੱਚ 11 ਜੂਨ ਤੋਂ ਝੋਨਾ ਲਾਉਣ ਦੀ ਆਗਿਆ ਦਿੱਤੀ ਗਈ ਹੈ, ਜਦੋਂ ਕਿ ਮੋਗਾ, ਸੰਗਰੂਰ, ਬਰਨਾਲਾ, ਮਾਲੇਰਕੋਟਲਾ, ਪਟਿਆਲਾ, ਫਤਹਿਗੜ੍ਹ ਸਾਹਿਬ, ਐੱਸਏਐੱਸ ਨਗਰ, ਰੂਪਨਗਰ, ਲੁਧਿਆਣਾ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਤਰਨਤਾਰਨ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ 15 ਜੂਨ ਤੋਂ ਝੋਨਾ ਲਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਦੇ ਵਿਸ਼ੇਸ਼ ਮੁੱਖ ਸਕੱਤਰ ਵੱਲੋਂ ਇਸ ਦੀ ਸੂਚਨਾ ਚੀਫ਼ ਮੈਨੇਜਿੰਗ ਡਾਇਰੈਕਟਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਪਟਿਆਲਾ, ਪੰਜਾਬ ਰਾਜ ਦੇ ਸਾਰੇ ਡਿਪਟੀ ਕਮਿਸ਼ਨਰ, ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਸਮੇਤ ਰਾਜ ਦੇ ਸਾਰੇ ਮੁੱਖ ਖੇਤੀਬਾੜੀ ਅਧਿਕਾਰੀਆਂ ਨੂੰ ਭੇਜ ਦਿੱਤੀ ਗਈ ਹੈ।

# ਪਾਕਿਸਤਾਨ ਪਰਮਾਣੂ ਬੰਬ ਨਹੀਂ ਸੰਭਾਲ ਸਕਦਾ, ਵੇਚਣ ਦੇ ਲਈ..., ਪੀਐਮ ਮੋਦੀ ਦਾ ਕਾਂਗਰਸ 'ਤੇ ਤਿੱਖਾ ਹਮਲਾ

**ਆਜ਼ਾਦ ਸੋਚ ਬਿਊਰੋ**
**ਨਵੀਂ ਦਿੱਲੀ, 11 ਮਈ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਕਾਂਗਰਸ ਨੇਤਾ ਰਾਹੁਲ ਗਾਂਧੀ 'ਤੇ ਪਿਛਲੇ 10 ਸਾਲਾਂ 'ਚ ਉਹੀ ਸਕ੍ਰਿਪਟ ਦੁਹਰਾਉਣ ਲਈ ਹਮਲਾ ਬੋਲਿਆ ਅਤੇ ਕਿਹਾ ਕਿ ਇਸ ਵਾਰ ਉਹ 4 ਜੂਨ ਨੂੰ 50 ਤੋਂ ਘੱਟ ਸੀਟਾਂ ਤੱਕ ਸੀਮਤ ਹੋਣ ਕਾਰਨ 'ਵਿਰੋਧੀ ਪਾਰਟੀ' ਬਣੇ ਰਹਿਣ ਦੇ ਯੋਗ ਹੋਵੇਗੀ। ਉੜੀਸਾ ਦੇ ਫੂਲਬਨੀ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਪੀਐਮ ਮੋਦੀ ਨੇ ਕਿਹਾ ਕਿ ਮੇਰੇ ਦੇਸ਼ ਵਾਸੀਓ, ਤੁਹਾਨੂੰ ਮੇਰੇ ਸ਼ਬਦ ਯਾਦ ਹਨ, ਦੇਸ਼ ਨੇ ਮਨ ਬਣਾ ਲਿਆ ਹੈ ਕਿ ਐਨਡੀਏ 400 ਦਾ ਅੰਕੜਾ ਪਾਰ ਕਰ ਲਵੇਗੀ, ਜਦਕਿ ਭਾਜਪਾ ਆਪਣੇ ਸਾਰੇ ਪਿਛਲੇ ਰਿਕਾਰਡ ਤੋੜ ਕੇ ਵੱਧ ਤੋਂ ਵੱਧ ਸੀਟਾਂ ਜਿੱਤੇਗੀ। ਜਾ ਰਿਹਾ ਹੈ।

ਓਡੀਸ਼ਾ ਦੀ ਕੰਧਮਾਲ ਲੋਕ ਸਭਾ ਸੀਟ ਦੇ ਨਾਲ-ਨਾਲ ਬਰਗੜ੍ਹ, ਸੁੰਦਰਗੜ੍ਹ, ਬੋਲਾਂਗੀਰ ਅਤੇ ਅਕਸਾ ਵਿੱਚ 20 ਮਈ ਨੂੰ ਵੋਟਾਂ ਪੈਣਗੀਆਂ, ਜਦੋਂ ਕਿ ਓਡੀਸ਼ਾ ਦੇ ਹੋਰ ਹਲਕਿਆਂ ਵਿੱਚ 13 ਮਈ, 25 ਮਈ ਅਤੇ 1 ਜੂਨ ਨੂੰ ਵੋਟਾਂ ਪੈਣਗੀਆਂ। ਪੋਖਰਣ ਪ੍ਰੀਖਣ ਦੀ ਵਰ੍ਹੇਗੰਢ 'ਤੇ ਬੋਲਦਿਆਂ ਪੀਐਮ ਮੋਦੀ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਤਾਰੀਫ਼ ਕੀਤੀ, ਜਿਨ੍ਹਾਂ ਨੇ 26 ਸਾਲ ਪਹਿਲਾਂ ਅੱਜ ਦੇ ਦਿਨ (11 ਮਈ) ਨੂੰ ਪੋਖਰਣ ਵਿੱਚ ਪ੍ਰਮਾਣੂ ਪ੍ਰੀਖਣ ਕੀਤਾ ਸੀ। ਫਿਰ "ਦੁਨੀਆ ਭਰ ਦੇ ਭਾਰਤੀਆਂ ਨੂੰ ਇਸ ਉੱਤੇ ਮਾਣ ਸੀ "ਅਤੇ ਕਾਂਗਰਸ ਉੱਤੇ ਪਾਕਿਸਤਾਨ ਦੀ ਪ੍ਰਮਾਣੂ ਸਮਰੱਥਾ ਦਾ ਅੰਦਾਜ਼ਾ ਲਗਾ ਕੇ ਦੇਸ਼ ਵਿੱਚ ਡਰ ਪੈਦਾ ਕਰਨ ਦਾ ਦੋਸ਼ ਲਾਇਆ।



ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਉਹ ਸਮਾਂ ਸੀ (ਪੋਖਰਨ ਟੈਸਟ) ਜਦੋਂ ਭਾਰਤ ਨੇ ਦੁਨੀਆ ਨੂੰ ਆਪਣੀ ਤਾਕਤ ਦਿਖਾਈ। ਦੂਜੇ ਪਾਸੇ ਕਾਂਗਰਸ ਦੀ ਮਾਨਸਿਕਤਾ ਦੇਸ਼ ਨੂੰ ਡਰਾਉਣ ਦੀ ਸੀ। ਉਹ ਤੁਹਾਨੂੰ ਕਹਿਣਗੇ, 'ਸਾਵਧਾਨ ਰਹੋ ਪਾਕਿਸਤਾਨ ਕੋਲ ਪਰਮਾਣੂ ਬੰਬ ਹੈ ਇਹ 'ਮਰੇ ਲੋਕ' ਦੇਸ਼ ਦੀ ਮਾਨਸਿਕਤਾ ਨੂੰ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੋਦੀ ਨੇ ਕਿਹਾ, ਕਾਂਗਰਸ ਦੀ ਹਮੇਸ਼ਾ ਇਹ ਮਾਨਸਿਕਤਾ ਰਹੀ ਹੈ।

ਪੀਐਮ ਨੇ ਅੱਗੇ ਕਿਹਾ, 'ਅੱਜ ਪਾਕਿਸਤਾਨ ਦੀ ਹਾਲਤ ਅਜਿਹੀ ਹੈ ਕਿ ਉਹ ਬੰਬ (ਪਰਮਾਣੂ) ਨੂੰ ਸੰਭਾਲ ਵੀ ਨਹੀਂ ਸਕਦੇ ਉਹ ਹੁਣ ਇਸਨੂੰ ਵੇਚਣ ਲਈ ਤਿਆਰ ਹਨ ਤਾਂ ਕਿ ਉਹ ਇਸਨੂੰ ਖਰੀਦਣ ਲਈ ਕਿਸੇ ਨੂੰ ਲੱਭ ਸਕਣ ਪਰ ਲੋਕ ਜਾਣਦੇ ਹਨ ਕਿ ਇਹ ਚੰਗਾ ਹੈ ਗੁਣਵੱਤਾ ਨਾਲ ਸਬੰਧਤ ਨਹੀਂ ਹੈ। ਇਸ ਲਈ ਇਸ ਨੂੰ ਵੇਚਿਆ ਨਹੀਂ ਜਾ ਰਿਹਾ ਹੈ।' ਉਨ੍ਹਾਂ ਕਿਹਾ ਕਿ ਤੁਹਾਨੂੰ 2014, 2019 ਅਤੇ 2024 ਦੀਆਂ ਚੋਣਾਂ ਲਈ ਉਨ੍ਹਾਂ ਦੇ ਭਾਸ਼ਣਾਂ ਨੂੰ ਦੇਖਣਾ ਚਾਹੀਦਾ ਹੈ। ਉਹ ਉਹੀ ਸਕ੍ਰਿਪਟ ਪੜ੍ਹਦਾ ਰਹਿੰਦਾ ਹੈ।

ਮੋਦੀ ਦਾ ਇਹ ਬਿਆਨ ਰਾਹੁਲ ਗਾਂਧੀ ਦੇ ਉਸ ਬਿਆਨ ਤੋਂ ਇਕ ਦਿਨ ਬਾਅਦ ਆਇਆ ਹੈ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਨਰਿੰਦਰ ਮੋਦੀ ਹੁਣ 4 ਜੂਨ ਨੂੰ ਪ੍ਰਧਾਨ ਮੰਤਰੀ ਨਹੀਂ ਰਹਿਣਗੇ। ਕਾਂਗਰਸ 'ਤੇ ਅੱਤਵਾਦ ਖਿਲਾਫ ਸਖਤ ਕਾਰਵਾਈ ਕਰਨ 'ਚ ਕਮਜ਼ੋਰ ਸੋਚ ਰੱਖਣ ਦਾ ਦੋਸ਼ ਲਗਾਉਂਦੇ ਹੋਏ ਮੋਦੀ ਨੇ ਕਿਹਾ ਕਿ ਅੱਤਵਾਦੀਆਂ ਨੂੰ ਸਬਕ ਸਿਖਾਉਣ ਦੀ ਬਜਾਏ ਉਹ (ਕਾਂਗਰਸ) ਅੱਤਵਾਦੀ ਸੰਗਠਨਾਂ ਨਾਲ ਬੈਠਕਾਂ ਕਰ ਰਹੀ ਹੈ।

ਕਾਂਗਰਸ 'ਤੇ ਹਮਲਾ ਕਰਦੇ ਹੋਏ ਪੀਐੱਮ ਨੇ ਕਿਹਾ ਕਿ 26/11 ਦੀ ਮੁੰਬਈ ਘਟਨਾ ਤੋਂ ਬਾਅਦ ਇਨ੍ਹਾਂ ਲੋਕਾਂ 'ਚ ਅੱਤਵਾਦੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਹਿੰਮਤ ਨਹੀਂ ਸੀ। ਕਿਉਂ ? ਇਹ ਇਸ ਲਈ ਹੈ ਕਿਉਂਕਿ ਕਾਂਗਰਸ ਅਤੇ ਇੰਡੀਆ ਗਠਜੋੜ ਨੇ ਸੋਚਿਆ ਸੀ ਕਿ ਜੇਕਰ ਉਹ ਉਸ ਦੇ ਖਿਲਾਫ ਸਖਤ ਕਾਰਵਾਈ ਕਰਦੇ ਹਨ ਤਾਂ ਇਹ ਉਹਨਾਂ ਦੇ ਵੋਟ ਬੈਂਕ ਨੂੰ ਖਰਾਬ ਕਰ ਦੇਵੇਗਾ।

# ਤੁਹਾਡਾ ਹਾਂ, ਤੁਹਾਡੇ ਵਰਗਾ ਹਾਂ, ਤੁਹਾਡੇ ਲਈ ਹਾਂ ਅਤੇ ਤੁਹਾਡੇ ਆਸਰੇ ਹੀ ਹਾਂ : ਕਰਮਜੀਤ ਅਨਮੋਲ

## ਵਿਧਾਇਕ ਬਿਲਾਸਪੁਰ ਦਾ ਕਰਮਜੀਤ ਅਨਮੋਲ ਵੱਲੋਂ ਨਿਹਾਲ ਸਿੰਘ ਵਾਲਾ ਦੇ ਪਿੰਡਾਂ 'ਚ ਭਾਵਕ ਤਕਰੀਰਾਂ

**ਆਜ਼ਾਦ ਸੋਚ ਬਿਊਰੋ**
**ਨਿਹਾਲ ਸਿੰਘ ਵਾਲਾ/ ਮੋਗਾ, 11 ਮਈ**

ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਸ਼ਨੀਵਾਰ ਨੂੰ ਨਿਹਾਲ ਸਿੰਘ ਵਾਲਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਭਾਵਕ ਤਕਰੀਰਾਂ ਅਤੇ ਵਿਕਾਸ ਮੁਖੀ ਵਾਅਦਿਆਂ ਨਾਲ ਲੋਕਾਂ ਦਾ ਸਾਥ ਮੰਗਿਆ। ਇਸ ਮੌਕੇ ਉਨ੍ਹਾਂ ਨਾਲ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਅਤੇ ਕਲਾਕਾਰ ਜਗਤ ਦੇ ਸਿਤਾਰੇ ਪ੍ਰੀਤ ਹਰਪਾਲ, ਰਾਜ ਤਿਵਾੜੀ ਅਤੇ ਮਲਕੀਤ ਰੌਣੀ ਵੀ ਮੌਜੂਦ ਸਨ।

ਆਪਣੇ ਭਾਸ਼ਣ ਵਿੱਚ ਕਰਮਜੀਤ ਅਨਮੋਲ ਜਿੱਥੇ ਇਲਾਕੇ ਵਿੱਚ ਸਾਰੇ ਵਰਗਾਂ ਦੀ ਖ਼ੁਸ਼ਹਾਲੀ ਲਈ ਖੇਤੀਬਾੜੀ 'ਤੇ ਅਧਾਰਿਤ ਫੂਡ ਪ੍ਰੋਸੈਸਿੰਗ ਇੰਡਸਟਰੀ ਅਤੇ ਨੌਜਵਾਨਾਂ ਲਈ ਆਧੁਨਿਕ ਹੁਨਰ ਵਿਕਾਸ ਕੇਂਦਰ (ਸਕਿੱਲ ਡਿਵੈਲਪਮੈਂਟ ਸੈਂਟਰ) ਸਥਾਪਿਤ ਕਰਨ ਦੇ ਵਾਅਦੇ ਕਰ ਰਹੇ ਸਨ, ਉੱਥੇ ਭਾਵਕ ਲਹਿਜ਼ੇ ਵਿੱਚ ਖ਼ੁਦ ਨੂੰ ਗ਼ਰੀਬੀ ਅਤੇ ਸੰਘਰਸ਼ 'ਚੋਂ ਉੱਠਿਆ ਆਮ ਪੇਂਡੂ ਦੱਸ ਰਹੇ ਸਨ।



ਅਨਮੋਲ ਨੇ ਕਿਹਾ, " ਮੈਂ ਗ਼ਰੀਬ ਪਰਿਵਾਰ 'ਚ ਜੰਮਿਆ ਬਿਲਕੁਲ ਪੇਂਡੂ ਬੰਦਾ ਹਾਂ, ਗ਼ਰੀਬਾਂ ਅਤੇ ਆਮ ਲੋਕਾਂ ਦੀਆਂ ਕੀ ਦਿੱਕਤਾਂ ਮਜਬੂਰੀਆਂ ਹੁੰਦੀਆਂ ਹਨ, ਸਭ ਆਪਣੇ ਪਿੰਡੇ ਹੰਢਾਈਆਂ ਹਨ। ਤੁਹਾਡੇ ਸਾਰੇ ਦੁੱਖ ਦਰਦ ਜਾਣਦਾ ਹਾਂ, ਮਹਿਸੂਸ ਕਰਦਾ ਹਾਂ, ਕਿਉਂਕਿ ਤੁਹਾਡੇ ਵਿੱਚੋਂ ਹੀ ਹਾਂ, ਤੁਹਾਡੇ ਵਰਗਾ ਹਾਂ। ਹੁਣ ਖ਼ੁਦ ਨੂੰ ਤੁਹਾਡੇ ਹਵਾਲੇ ਕਰ ਦਿੱਤਾ ਹੈ, ਉਮਰਭਰ ਤੁਹਾਡੇ ਨਾਲ ਨਿਭਾਂਗਾ। ਸੋ ਨਿਹਾਲੇਆਲੇ ਵਾਲ ? ?ਓਂ, ਹੁਣ ਤੁਹਾਡੇ ਆਸਰੇ ਹੀ ਹਾਂ।"

ਕਰਮਜੀਤ ਅਨਮੋਲ ਨੇ ਕਿਹਾ ਕਿ ਸਭ ਦੇ ਵਿਕਾਸ ਅਤੇ ਆਰਥਿਕ ਤਰੱਕੀ ਲਈ ਆਪਸੀ ਭਾਈਚਾਰਾ ਅਤੇ ਇਲਾਕੇ ਵਿੱਚ ਕਿਸੇ ਨਾ ਕਿਸੇ ਇੰਡਸਟਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇੱਕ ਗੱਲ ਸਭ ਨੂੰ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਸਿਆਸੀ ਲੋਕਾਂ ਲਈ ਪਿੰਡਾਂ ਵਿੱਚ ਦੁਸ਼ਮਣੀਆਂ ਨਹੀਂ ਪਾਉਣੀਆਂ ਚਾਹੀਦੀਆਂ। ਮਾਨ ਸਰਕਾਰ ਇਸ ਗੱਲ ਦੀ ਵਧਾਈ ਦੀ ਪਾਤਰ ਹੈ ਕਿ ਪੰਜਾਬ ਵਿੱਚੋਂ ਬਦਲੇ ਖੋਰੀ ਅਤੇ ਝੂਠੇ ਪਰਚਿਆਂ ਦਾ ਸਿਆਸੀ ਕਲਚਰ ਖ਼ਤਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਇਲਾਕਾ ਪੂਰੀ ਤਰ੍ਹਾਂ ਖੇਤੀਬਾੜੀ 'ਤੇ ਨਿਰਭਰ ਇਲਾਕਾ ਹੈ। ਇਸ ਦੇ ਵਿਕਾਸ ਲਈ ਇੱਥੇ ਖੇਤੀਬਾੜੀ 'ਤੇ ਅਧਾਰਿਤ ਫੂਡ ਪ੍ਰੋਸੈਸਿੰਗ ਇੰਡਸਟਰੀ ਲਿਆਉਣਾ ਮੇਰਾ ਮੁੱਖ ਮਕਸਦ ਹੈ। ਅਨਮੋਲ ਨੇ ਨੌਜਵਾਨਾਂ ਲਈ ਇਲਾਕੇ ਵਿੱਚ ਹੱਥ ਦਾ ਹੁਨਰ ਸਿਖਾਉਣ ਲਈ ਇੰਟਰਨੈਸ਼ਨਲ ਪੱਧਰ ਦਾ ਸਕਿੱਲ ਡਿਵੈਲਪਮੈਂਟ ਸੈਂਟਰ ਸਥਾਪਿਤ ਕਰਨ ਨੂੰ ਵਕਤ ਦੀ ਵੱਡੀ ਜ਼ਰੂਰਤ ਦੱਸਿਆ। ਉਨ੍ਹਾਂ ਕਿਹਾ ਕਿ ਹੱਥ ਦਾ ਹੁਨਰ ਰੱਖਣ ਵਾਲਾ ਨੌਜਵਾਨ ਕਦੇ ਵੀ ਵਿਹਲਾ ਨਹੀਂ ਰਹਿੰਦਾ ਸਗੋਂ ਹੋਰਾਂ ਨੂੰ ਵੀ ਰੁਜ਼ਗਾਰ ਦਿੰਦਾ ਹੈ।

ਕਰਮਜੀਤ ਅਨਮੋਲ ਨੇ ਭਗਵੰਤ ਮਾਨ ਸਰਕਾਰ ਦੀਆਂ ਸਿਫ਼ਤਾਂ ਕਰਦੇ ਹੋਏ ਕਿਹਾ ਕਿ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਮਾਨ ਸਰਕਾਰ ਨੇ ਵੱਡੀਆਂ ਮੱਲ੍ਹਾਂ ਮਾਰੀਆਂ ਹਨ ਅਤੇ ਆਪਣੇ ਕਈ ਵੱਡੇ ਵਾਅਦੇ ਪੂਰੇ ਕੀਤੇ ਹਨ। ਜਿਨ੍ਹਾਂ ਖੇਤਾਂ ਤੇ ਘਰਾਂ ਲਈ ਮੁਫ਼ਤ ਅਤੇ ਨਿਰਵਿਘਨ ਆਮੋ ਆਮ ਬਿਜਲੀ, ਨਹਿਰਾਂ ਅਤੇ ਟੇਲਾਂ 'ਚ ਖੇਤਾਂ ਲਈ ਖੁੱਲ੍ਹਾ ਪਾਨੀ, ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾਉਂਦੇ ਸਰਕਾਰੀ ਸਕੂਲ, ਮੋਗਾ 'ਚ ਆਮ ਅਤੇ ਗ਼ਰੀਬ ਪਰਿਵਾਰਾਂ ਦੇ ਹੁਸ਼ਿਆਰ ਬੱਚਿਆਂ ਨੂੰ ਆਈਏਐਸ ਅਤੇ ਪੀਸੀਐਸ ਅਫਸਰ ਬਣਾਉਣ ਲਈ ਮੁਫ਼ਤ ਯੂਪੀਐਸਸੀ ਕੋਚਿੰਗ ਸੈਂਟਰ ਖੋਲ੍ਹਣ ਤੋਂ ਇਲਾਵਾ ਅਤੇ ਮਾਲਵਾ ਖੇਤਰ ਨੂੰ ਇੱਕ ਨਵੀਂ ਤਜਵੀਜ਼ ਮਾਲਵਾ ਨਹਿਰ ਦੇਣਾ ਪ੍ਰਮੁੱਖ ਹਨ।

ਇਸ ਮੌਕੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਕਰਮਜੀਤ ਅਨਮੋਲ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਜਿਗਰੀ ਯਾਰ ਦੱਸਦਿਆਂ ਕਿਹਾ ਕਿ ਅਨਮੋਲ ਦੇ ਜਿੱਤਣ ਨਾਲ ਇਲਾਕੇ ਨੂੰ ਨਾ ਕੇਵਲ ਵਧੀਆ ਸੰਸਦ ਮੈਂਬਰ ਮਿਲੇਗਾ ਸਗੋਂ ਉਹ ਅਸਿੱਧੇ ਰੂਪ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੀ ਮਿਲ ਜਾਵੇਗਾ। ਇਸ ਤਰ੍ਹਾਂ ਇਲਾਕੇ ਦੇ ਵਿਕਾਸ ਅਤੇ ਲੋਕ ਭਲਾਈ ਸਕੀਮਾਂ ਦੀ ਗਤੀ ਕਈ ਗੁਣਾ ਤੇਜ਼ ਹੋ ਜਾਵੇਗੀ।ਇਸ ਮੌਕੇ ਪ੍ਰੀਤ ਹਰਪਾਲ, ਰਾਜ ਤਵਾੜੀ ਅਤੇ ਮਲਕੀਤ ਰੌਣੀ ਨੇ ਕਰਮਜੀਤ ਅਨਮੋਲ ਨੂੰ ਕਲਾਕਾਰੀ ਨਾਲੋਂ ਵੀ ਇੱਕ ਬਿਹਤਰੀਨ ਇਨਸਾਨ ਦੱਸਿਆ ਅਤੇ ਕਿਹਾ ਕਿ ਕਰਮਜੀਤ ਅਨਮੋਲ ਨੂੰ ਮੈਂਬਰ ਪਾਰਲੀਮੈਂਟ ਬਣਾ ਕੇ ਸਮੁੱਚਾ ਫ਼ਰੀਦਕੋਟ ਲੋਕ ਸਭਾ ਹਲਕਾ ਕਦੇ ਵੀ ਨਿਰਾਸ਼ ਨਹੀਂ ਹੋਵੇਗਾ ਬਲਕਿ ਆਪਣੀ ਵੋਟ 'ਤੇ ਮਾਣ ਮਹਿਸੂਸ ਕਰੇਗਾ।




## ਸੰਪਾਦਕੀ

### ਆਜ਼ਾਦ ਸੋਚ

# ਪਰਵਾਸੀ ਭਾਰਤੀਆਂ ਦੀ ਕਮਾਈ

ਬਹੁਤ ਸਾਰੇ ਹੋਰ ਦੇਸ਼ਾਂ ਵਿੱਚ ਵਸਦੇ ਭਾਰਤੀਆਂ ਵੱਲੋਂ ਕਮਾਈ ਕਰ ਕੇ ਦੇਸ਼ ਵਿੱਚ ਆਪਣੇ ਪਰਿਵਾਰਾਂ ਅਤੇ ਵਾਰਸਾਂ ਲਈ ਧਨ ਭੇਜਿਆ ਜਾਂਦਾ ਹੈ ਅਤੇ ਇਸ ਮਾਮਲੇ ਵਿੱਚ ਭਾਰਤ ਨੂੰ ਕਿਸੇ ਵੀ ਦੇਸ਼ ਦੇ ਮੁਕਾਬਲੇ ਜਿ ?ਆਦਾ ਧਨ ਪ੍ਰਾਪਤ ਹੁੰਦਾ ਹੈ। ਸਾਲ 2022 ਵਿੱਚ ਪਰਵਾਸੀ ਭਾਰਤੀਆਂ ਨੇ 111 ਅਰਬ ਡਾਲਰ ਦੀ ਕਮਾਈ ਆਪਣੇ ਦੇਸ਼ ਭੇਜੀ ਸੀ। ਇਹ ਅੰਕੜਾ ਦਰਸਾਉਂਦਾ ਹੈ ਕਿ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਕੰਮ ਕਰਦੇ ਅਤੇ ਵਸਦੇ ਪਰਵਾਸੀ ਭਾਰਤੀਆਂ ਦਾ ਸਾਡੇ ਆਪਣੇ ਅਰਥਚਾਰੇ ਵਿੱਚ ਕਿੱਡਾ ਵੱਡਾ ਯੋਗਦਾਨ ਹੈ। ਪਰਵਾਸੀਆਂ ਬਾਰੇ ਕੌਮਾਂਤਰੀ ਸੰਗਠਨ ਦੀ ਸਾਲ 2024 ਦੀ ਆਲਮੀ ਪਰਵਾਸ ਰਿਪੋਰਟ ਵਿੱਚ ਭਾਰਤ, ਮੈਕਸਿਕੋ, ਚੀਨ, ਫਿਲਪੀਨਜ਼ ਅਤੇ ਫਰਾਂਸ ਜਿਹੇ ਦੇਸ਼ਾਂ 'ਤੇ ਝਾਤ ਪਵਾਈ ਗਈ ਹੈ ਜਿਨ੍ਹਾਂ ਦੇ ਪਰਵਾਸੀ ਸਭ ਤੋਂ ਵੱਧ ਧਨ ਕਮਾ ਕੇ ਆਪਣੇ ਮੂਲ ਦੇਸ਼ ਵਿੱਚ ਭੇਜਦੇ ਹਨ। ਇਸ ਮਾਮਲੇ ਵਿੱਚ ਭਾਰਤ ਦੀ ਸਥਿਤੀ ਵਿੱਚ ਬਿਹਤਰੀ ਹੁੰਦੀ ਰਹੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਪਰਵਾਸੀ ਭਾਰਤੀਆਂ ਦੀ ਆਪਣੀ ਸਰਜ਼ਮੀਨ ਨਾਲ ਸਾਂਝ ਲਗਾਤਾਰ ਬਣੀ ਹੋਈ ਹੈ।

ਇਸ ਪ੍ਰਾਪਤੀ ਦਾ ਜਸ਼ਨ ਮਨਾਉਂਦੇ ਹੋਏ ਇਹ ਵੀ ਜ਼ਰੂਰੀ ਹੈ ਕਿ ਅਸੀਂ ਪਰਵਾਸੀ ਭਾਰਤੀਆਂ ਨੂੰ ਦਰਪੇਸ਼ ਚੁਣੌਤੀਆਂ ਵੱਲ ਵੀ ਢੁਕਵਾਂ ਧਿਆਨ ਦੇਈਏ। ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿੱਚ ਇਹ ਗੱਲ ਆਖੀ ਗਈ ਹੈ ਕਿ ਪਰਵਾਸੀਆਂ ਨੂੰ ਵਿੱਤੀ ਸੋਸ਼ਣ, ਪਰਵਾਸ ਦੀਆਂ ਲਾਗਤਾਂ ਵਧਣ ਕਰ ਕੇ ਕਰਜ਼ੇ ਦੀ ਸਮੱਸਿਆ, ਬੇਗਾਨਗੀ ਦੀ ਭਾਵਨਾ ਅਤੇ ਕੰਮ-ਕਾਜ ਦੀਆਂ ਥਾਵਾਂ 'ਤੇ ਮਾੜੇ ਵਿਹਾਰ ਜਿਹੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗਲਫ਼ ਕੋਆਪਰੇਸ਼ਨ ਕੌਂਸਲ ਦੇ ਮੈਂਬਰ ਦੇਸ਼ਾਂ ਵਿੱਚ ਜਿੱਥੇ ਵੱਡੀ ਗਿਣਤੀ ਵਿੱਚ ਪਰਵਾਸੀ ਭਾਰਤੀ ਕੰਮ ਕਰਦੇ ਹਨ ਅਤੇ ਰਹਿੰਦੇ ਹਨ, ਉੱਥੇ ਉਨ੍ਹਾਂ ਦੇ ਅਧਿਕਾਰਾਂ ਦੀਆਂ ਉਲੰਘਣਾ ਹੋਣ ਦੀਆਂ ਰਿਪੋਰਟਾਂ ਆਉਂਦੀਆਂ ਹਨ। ਕੋਵਿਡ-19 ਦੀ ਮਹਾਮਾਰੀ ਨੇ ਪਰਵਾਸੀ ਕਾਮਿਆਂ ਦੀਆਂ ਹਾਲਤਾਂ ਹੋਰ ਵੀ ਅਣਸੁਖਾਵੀਆਂ ਬਣਾ ਦਿੱਤੀਆਂ ਹਨ ਖ਼ਾਸ ਕਰ ਕੇ ਘੱਟ ਹੁਨਰਮੰਦ ਅਤੇ ਗ਼ੈਰ-ਰਸਮੀ ਖੇਤਰਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਲਈ। ਨੌਕਰੀਆਂ ਖੁੱਸਣ, ਤਨਖਾਹ ਦੀ ਰਕਮ ਚੋਰੀ ਹੋਣ ਅਤੇ ਸਮਾਜਿਕ ਸੁਰੱਖਿਆ ਦੀ ਘਾਟ ਕਰ ਕੇ ਬਹੁਤ ਸਾਰੇ ਪਰਵਾਸੀ ਕਾਮੇ ਡੂੰਘੀ ਅਸੁਰੱਖਿਆ ਦੇ ਮਾਹੌਲ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਦੇ ਸਿਰ 'ਤੇ ਕਰਜ਼ੇ ਦਾ ਬੋਝ ਵਧ ਜਾਂਦਾ ਹੈ ਜਿਸ ਕਰ ਕੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਪਰਵਾਸ ਦੇ ਪੈਟਰਨ ਤਬਦੀਲ ਹੋ ਰਹੇ ਹਨ; ਖ਼ਾਸ ਤੌਰ 'ਤੇ ਪੁਰਸ਼ਾਂ 'ਚ ਪੁੱਠੇ ਅੰਦਰੂਨੀ ਪਰਵਾਸ ਨੇ ਕਿਰਤ ਪ੍ਰਣਾਲੀ 'ਚ ਵੱਡੀ ਤਬਦੀਲੀ ਦਾ ਸੰਕੇਤ ਦਿੱਤਾ ਹੈ ਜਿਸ ਦਾ ਅਸਰ ਪਰਵਾਸੀ ਕਾਮਿਆਂ 'ਤੇ ਨਿਰਭਰ ਉਦਯੋਗਾਂ ਉੱਤੇ ਪੈ ਰਿਹਾ ਹੈ।




Published, Printed and Owned by Anil Kumar Garg, Published at Street No-11, Manshahia Colony, Near Grewal Filling Station, Sangrur, Punjab State, Pin-148001, Printed at- Tejas Printers, Opposite Government High School, Patiala Cant., Dhamomajra Road, Patiala, Punjab State, Pin-147001. Editor-Anil Kumar Garg

# ਫਲੋਰੈਂਸ ਨਾਈਟਿੰਗੇਲ ਦੀ ਸੋਚ ਨੇ ਲੜਕੀਆਂ ਨੂੰ ਪੀੜਤਾਂ ਦੇ 'ਮਦਦਗਾਰ ਫਰਿਸ਼ਤੇ' ਬਣਾਇਆ

ਹਰ ਰੋਜ ਹਜ਼ਾਰਾਂ ਲੜਕੀਆਂ ਲੜਕੇ ਧਰਤੀ ਮਾਤਾ ਦੀ ਗੋਂਦ ਵਿਚ ਜਨਮ ਲੈਂਦੇ,ਬਚਪਨ ਤੋਂ ਹੀ ਧੰਨ ਦੌਲਤ ਸ਼ੋਹਰਤ ਸਨਮਾਨ ਖੁਸ਼ੀਆਂ ਇੱਜ਼ਤ ਖੁਸ਼ਹਾਲੀ ਕਮਾਉਣ ਲਈ ਯਤਨ ਸ਼ੁਰੂ ਹੋ ਜਾਂਦੇ ਹਨ। ਸਾਰੀ ਉਮਰ ਭੱਜਦੌੜ ਬੇਅਰਾਮੀ ਪ੍ਰੇਸ਼ਾਨੀਆਂ ਵਿਚ ਜੀਵਨ ਬਤੀਤ ਕਰਦੇ ਹੋਏ ਕਮਾਂਈ ਧੰਨ ਦੌਲਤ ਦੂਸਰਿਆਂ ਲਈ ਛੱਡਕੇ, ਸਿਕੰਦਰ ਵਾਂਗ ਖ਼ਾਲੀ ਹੱਥ ਚਲੇ ਜਾ ਰਹੇ ਹਨ। ਕੇਵਲ ਦਿਵਾਰਾਂ ਤੇ ਲਟਕਦੀਆਂ ਤਸਵੀਰਾਂ ਹੀ ਰਹਿ ਜਾਂਦੀਆਂ ਹਨ। ਸੱਚ ਹੀ ਤਾਂ ਕਿਹਾ ਕਿ ਧਰਤੀ ਮਾਤਾ, ਮਾਨਵਤਾ ਇਨਸਾਨੀਅਤ ਵਾਤਾਵਰਨ ਪਸ਼ੂ ਪੰਛੀਆਂ ਨੂੰ ਪਿਆਰ ਕਰਨ ਵਾਲੇ ਹਮੇਸ਼ਾ ਯਾਦਗਾਰ ਬਣ ਜਾਂਦੇ ਹਨ ਨਹੀਂ ਤਾਂ ਇਸ ਧਰਤੀ ਮਾਤਾ ਦੇ ਕਣ ਕਣ ਵਿੱਚ ਮਰੇ ਹੋਏ ਲੋਕਾਂ ਪਸ਼ੂ ਪੰਛੀਆਂ ਦੀ ਸਰੀਰ ਦੀ ਮਿੱਟੀ ਸਮਾਈ ਹੋਈ ਹੈ। ਇਟਲੀ ਦੇ ਫਲੋਰੈਂਸ ਸ਼ਹਿਰ ਵਿੱਚ 12 ਮਈ, 1820 ਵਿੱਚ ਇੱਕ ਅਮੀਰ ਈਸਾਈ ਪਰਿਵਾਰ ਵਿੱਚ ਇੱਕ ਬੇਟੀ ਦਾ ਜਨਮ ਹੋਇਆ ਤਾਂ ਪਰਿਵਾਰ ਦੀ ਸੋਚ ਸੀ ਕਿ ਬੇਟੀ ਨੂੰ ਪੜ੍ਹਾਈ ਕਰਵਾਕੇ ਚਰਚ ਵਿਚ ਸਿਸਟਰ ਜਾਂ ਸਕੂਲ ਵਿਖੇ ਅਧਿਆਪਕ ਬਣਾ ਦਿੱਤਾ ਜਾਵੇ। ਮਹਾਤਮਾ ਬੁੱਧ ਵਾਂਗ ਜਦੋਂ ਉਸ ਬੱਚੀ ਨੇ ਬਿਮਾਰ ਜ਼ਖ਼ਮੀ ਸੈਨਿਕਾਂ ਅਤੇ ਨਾਗਰਿਕਾਂ ਨੂੰ ਦੇਖਿਆ ਤਾਂ ਉਸ ਨੇ ਫੈਸਲਾ ਕੀਤਾ ਕਿ ਉਹ ਸਿਸਟਰ ਬਣਕੇ ਧਰਮ ਦਾ ਪ੍ਰਚਾਰ ਕਰਨ ਦੀ ਥਾਂ, ਨਰਸ ਬਣਕੇ ਪੀੜਤਾਂ ਦੇ ਦੁੱਖ ਦਰਦਾਂ ਦਾ ਨਿਵਾਰਨ ਕਰੇਗੀ। ਮਾਪਿਆਂ ਰਿਸ਼ਤੇਦਾਰਾਂ ਅਤੇ ਧਾਰਮਿਕ ਲੀਡਰਾਂ ਦੇ ਵਾਰ ਵਾਰ ਸਮਝਾਉਣ ਦੇ ਬਾਵਜੂਦ ਉਸਨੇ ਇੰਗਲੈਂਡ ਵਿਖੇ ਨਰਸਿੰਗ ਸਕੂਲ ਵਿਖੇ ਦਾਖਲਾ ਲੈ ਲਿਆ, ਸਕੂਲ ਵਿਖੇ ਉਹ ਇਕੱਲੀ ਲੜਕੀ ਸੀ, ਕੋਰਸ ਕਰਨ ਮਗਰੋਂ, ਉਸਨੇ ਕਰੀਮੀਅਨ ਤੁਰਕੀ ਜੰਗ ਦੇ ਜ਼ਖ਼ਮੀ ਸੈਨਿਕਾਂ ਦੀ ਸੇਵਾ ਸੰਭਾਲ ਕਰਨ ਦਾ ਫ਼ੈਸਲਾ ਕੀਤਾ ਅਤੇ 38 ਨਰਸਾਂ ਦੀ ਟੀਮ ਲੈਕੇ ਉਹ ਜ਼ਖ਼ਮੀ ਸੈਨਿਕਾਂ ਦੀ ਸੇਵਾ ਸੰਭਾਲ ਲਈ ਲਗ ਗਈ। ਹਰ ਹਰਰੋਜ 20 ਘੰਟੇ ਸੈਨਿਕਾਂ ਦੀ ਮਲ੍ਹਮ ਪੱਟੀਆਂ ਇਲਾਜ ਅਤੇ ਸਿਹਤ ਤਦੰਰੁਸਤੀ ਲਈ ਯਤਨਸ਼ੀਲ ਰਹਿੰਦੀ ਸੀ। ਉਹ ਸਫ਼ਾਈ ਸਵੱਛਤਾ ਸੰਤੁਲਿਤ ਭੋਜਨ ਪਾਣੀ ਹਵਾਵਾਂ ਕਸਰਤਾਂ ਸ਼ੁੱਧ ਵਿਚਾਰਾਂ ਚੰਗੀਆਂ ਆਦਤਾਂ ਭਾਵਨਾਵਾਂ ਵਿਚਾਰਾਂ ਨੂੰ ਸਿਹਤ ਤਦੰਰੁਸਤੀ ਤਾਕ ?ਤ ਦਾ ਖਜ਼ਾਨਾ ਸਮਝਦੇ ਹੋਏ, ਬੱਚਿਆਂ ਨੋਜਵਾਨਾਂ ਅਤੇ ਸੈਨਿਕਾਂ ਨੂੰ ਜਾਗਰੂਕ ਕਰਦੀ ਸੀ। ਰਾਤੀਂ ਉਹ ਸੈਨਿਕਾਂ ਦੀ ਮਲ੍ਹਮ ਪੱਟੀਆਂ ਕਰਨ ਲਈ ਹੱਥ ਵਿਚ ਲੈਂਪ ਲੈਕੇ ਜਾਇਆਂ ਕਰਦੀ ਤਾਂ ਸੈਨਿਕ ਹੱਥ ਜੋੜ ਕੇ ਬੈਠ ਜਾਂਦੇ ਅਤੇ ਪਿਆਰ ਸਤਿਕਾਰ ਨਾਲ ਉਸ ਨੂੰ ਸਿਸਟਰ ਕਿਹਾ ਕਰਦੇ ਸਨ, ਜਿਸ ਕਰਕੇ ਅੱਜ ਵੀ ਨਰਸਾਂ ਨੂੰ ਸਤਿਕਾਰ ਵਜੋਂ ਸਿਸਟਰ ਕਿਹਾ ਜਾਂਦਾ ਹੈ। ਉਸ ਨੂੰ ਲੈਂਪ ਵਾਲੀ ਦੇਵੀ ( AN APOSTLE LADY WITH A LAMP) ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਦੋ ਸਾਲ ਲਗਾਤਾਰ ਉਹ ਸੈਨਿਕਾਂ ਦੀ ਸੇਵਾ ਸੰਭਾਲ ਕਰਦੀ ਰਹੀ। ਲੰਡਨ ਵਾਪਸ ਆਕੇ ਉਸਨੇ ਕਾਲਜ਼ ਆਫ ਨਰਸਿੰਗ ਫਾਰ ਵੂਮੈਨ ਸ਼ੁਰੂ ਕੀਤਾ ਤਾਂ ਜੋ ਵੱਧ ਤੋਂ ਵੱਧ ਲੜਕੀਆਂ ਨੂੰ ਪੀੜਤ ਮਾਨਵਤਾ, ਘਰ ਪਰਿਵਾਰ ਮਹੱਲੇ ਦੇ ਲੋਕਾਂ ਦੀ ਸੇਵਾ ਸੰਭਾਲ ਲਈ ਤਿਆਰ ਕੀਤਾ ਜਾਵੇ। 1860 ਵਿੱਚ ਉਸਨੇ ਪਹਿਲਾਂ ਨਰਸਿੰਗ ਸਕੂਲ ਲੜਕੀਆਂ ਲਈ ਸ਼ੁਰੂ ਕੀਤਾ ਸੀ। ਜਿਸ ਹਿੱਤ ਉਹ ਆਪ ਵੀ ਆਪਣੇ ਵਿਦਿਆਰਥੀਆਂ ਅਧਿਆਪਕਾਂ ਨਾਲ ਹਸਪਤਾਲਾਂ ਵਿਖੇ ਜਾਕੇ ਸੇਵਾ ਕਰਦੀ ਰਹੀ। ਬੇਅਰਾਮੀ ਤਰ੍ਹਾਂ ਤਰ੍ਹਾਂ ਦੇ ਮਰੀਜ਼ਾਂ ਕੋਲ ਰਹਿਣ ਕਾਰਨ, ਅਤੇ ਲਗਾਤਾਰ ਕੰਮ ਕਰਨ ਕਰਕੇ ਉਸਦੀ ਸਿਹਤ ਤਦੰਰੁਸਤੀ ਤਾਕ ?ਤ ਖਰਾਬ ਹੁੰਦੀ ਗਈ। ਜ਼ਿੰਦਗੀ ਦੇ ਆਖਰੀ ਸਮੇਂ ਵਿੱਚ ਉਹ ਆਪ ਬਿਮਾਰੀ ਦੇ ਸ਼ਿਕਾਰ ਹੋਣ ਕਾਰਨ, ਹਸਪਤਾਲਾਂ ਵਿਖੇ ਦਾਖਲ ਰਹੀ। ਇੰਗਲੈਂਡ ਦੀ ਮਹਾਰਾਣੀ ਵਲੋਂ ਉਸਨੂੰ ਪਿਆਰ ਸਤਿਕਾਰ ਹਮਦਰਦੀ ਅਤੇ ਜਲਦੀ ਠੀਕ ਹੋਣ ਦੀਆਂ ਕਾਮਨਾਵਾਂ ਭੇਜੀਆਂ ਜਾਂਦੀਆਂ ਸਨ। ਉੱਚ ਅਧਿਕਾਰੀ ਉਸਦੇ ਠੀਕ ਹੋਣ ਲਈ ਲਗਾਤਾਰ ਯਤਨ ਕਰਦੇ ਰਹੇ ਪਰ ਪ੍ਰਮਾਤਮਾ ਸੱਭ ਨੂੰ ਕੁੱਝ ਸਮੇਂ ਲਈ ਤਾਕਤ ਤਦੰਰੁਸਤੀ ਸਿਹਤ ਹਿੰਮਤ ਜ਼ਿੰਦਾਦਿਲੀ ਆਤਮ ਵਿਸ਼ਵਾਸ ਹੌਸਲੇ ਦਿੰਦੇ ਹਨ ਪਰ ਇਸ ਸਮੇਂ ਦੌਰਾਨ ਧੰਨ ਦੌਲਤ ਸ਼ੋਹਰਤ ਵੀ ਕਮਾਈ ਜਾਂ ਸਕਦੀ ਹੈ ਅਤੇ ਦੂਜੇ ਪਾਸੇ ਮਾਨਵਤਾ, ਪਰਿਵਾਰਿਕ ਮੈਂਬਰਾਂ, ਦੇਸ ਰੱਖਵਾਲੇ ਸੈਨਿਕਾਂ ਪੁਲਿਸ ਜਵਾਨਾਂ ਦੇ ਦੁੱਖ ਦਰਦਾਂ ਨੂੰ ਪਿਆਰ ਸਤਿਕਾਰ ਹਮਦਰਦੀ ਨਿਮਰਤਾ ਸ਼ਹਿਣਸ਼ੀਲਤਾ ਸਬਰ ਸ਼ਾਂਤੀ ਨਾਲ ਦੂਰ ਕਰਨ ਲਈ ਵੀ ਯਤਨ ਕੀਤੇ ਜਾ ਸਕਦੇ ਹਨ। 13 ਅਗਸਤ 1910 ਨੂੰ ਉਹ ਸੰਸਾਰ ਨੂੰ ਅਲਵਿਦਾ ਕਹਿ ਗਏ। ਇੰਗਲੈਂਡ ਦੀ ਮਹਾਰਾਣੀ ਨੇ ਉਨ੍ਹਾਂ ਨੂੰ ਇੰਗਲੈਂਡ ਦੀ ਸੰਤ ਸਿਪਾਹੀ ਦਾ ਸਨਮਾਨ ਦਿੱਤਾ। ਅੰਤਰਰਾਸ਼ਟਰੀ ਰੈੱਡ ਕਰਾਸ ਸੁਸਾਇਟੀ ਜਾਨੇਵਾ ਨੇ ਉਨ੍ਹਾਂ ਨੂੰ ਪੀੜਤਾਂ ਦੇ ਮਸੀਹਾ ਦਾ ਸਨਮਾਨ ਦਿੱਤਾ। ਅਨੇਕਾਂ ਦੇਸ਼ਾਂ ਵਲੋਂ ਆਪਣੇ ਦੇਸ਼ ਦੇ ਕੌਮੀ ਝੰਡੇ ਹੇਠਾਂ ਕਰਕੇ, ਫਲੋਰੈਂਸ ਨਾਈਟਿੰਗੇਲ ਨੂੰ ਸ਼ਰਧਾਂਜਲੀ ਦਿੱਤੀ। ਇਟਲੀ ਵਲੋਂ ਉਨ੍ਹਾਂ ਦੇ ਜਨਮ ਦਿਹਾੜੇ ਨੂੰ ਤਿਉਹਾਰਾਂ ਵਾਂਗ ਮਨਾਇਆ ਜਾਂਦਾ ਹੈ। ਦੂਸਰੇ ਪਾਸੇ ਫਲੋਰੈਂਸ ਨਾਈਟਿੰਗੇਲ ਦੇ ਕਾਰਜਾਂ ਤੋਂ ਉਤਸ਼ਾਹਿਤ ਹੋ ਕੇ, ਭਾਰਤ ਦੀ ਬੇਟੀ, ਕ ਸ ਾ ਬ ਾ ਈ ਗਣਪੱਤ ਨੇ 1891 ਵਿੱਚ ਦੇ ਦੇ ਗਰੁੱਪ ਆਫ ਨਰਸਿੰਗ ਬੰਬਈ ਵਿਖੇ ਨਰਸ ਦਾ ਕੋਰਸ ਕਰਕੇ,? ਭਾਰਤ ਦੀ ਪਹਿਲੀ ਲੇਡੀ ਨਰਸ ਬਨਣਾ ਦਾ ਸਨਮਾਨ ਪ੍ਰਾਪਤ ਕੀਤਾ ਸੀ। ਉਹ ਫਲੋਰੈਂਸ ਨਾਈਟਿੰਗੇਲ ਵਾਂਗ ਦਿਨ ਰਾਤ ਬਿਮਾਰਾਂ ਨੂੰ ਠੀਕ ਕਰਨ ਲਈ ਜਦੋਜਹਿਦ ਕਰਦੀ ਰਹਿੰਦੀ ਸੀ। ਮਦਰਾਸ ਵਿਖੇ ਇੱਕ ਕ੍ਰਿਸ਼ਚਨ ਨਰਸ ਨੇ ਲਾਵਾਰਸ ਲੋਕਾਂ ਲਈ ਆਸ਼ਰਮ ਬਣਾਇਆ ਜਿਸ ਦਾ ਨਾਮ +ਲਿਟਲ ਸਿਸਟਮਜ਼ ਆਫ ਦਾ ਪਿਯੂਪਲ+ LITTLE SISTERS OF THE PEOPLE ਰਖਿਆ। ਉਹ ਲਾਵਾਰਸ ਲੋਕਾਂ ਨੂੰ ਆਸ਼ਰਮ ਵਿਖੇ ਰਖਕੇ ਸੇਵਾ ਸੰਭਾਲ ਕਰਦੀ ਸੀ, ਲੋਕਾਂ ਵਲੋਂ ਆਸ਼ਰਮ ਨੂੰ ਭੋਜਨ ਪਾਣੀ ਕਪੜੇ ਬਿਸਤਰੇ ਮੰਜੇ ਫਰਨੀਚਰ ਅਤੇ ਧੰਨ ਦੌਲਤ ਦਿਨ ਕੀਤਾ ਜਾਂਦਾ ਸੀ, ਸਕੂਲਾਂ ਕਾਲਜਾਂ ਦੇ ਵਿਦਿਆਰਥੀ ਆਸ਼ਰਮ ਵਿਖੇ ਜਾਕੇ ਬਜ਼ੁਰਗਾਂ ਦੀ ਸੇਵਾ ਸੰਭਾਲ ਕਰਦੇ, ਉਨ੍ਹਾਂ ਨਾਲ ਗਲਾਂ ਕਰਦੇ, ਨਰਸਿੰਗ ਕਰਦੇ ਅਤੇ ਹੌਲੀ ਹੌਲੀ ਮਦਰਾਸ ਵਿਖੇ ਹਰੇਕ ਵਿਦਿਆਰਥੀ ਨੂੰ ਕੰਮ ਨਰਸਿੰਗ ਅਤੇ ਫ਼ਸਟ ਏਡ ਦਾ ਗਿਆਨ ਹੋਣਾ ਕਰਕੇ, ਨੈਨੀ ਦੇ ਕਾਰਜ਼ ਸ਼ੁਰੂ ਹੋਏ ਅੱਜ ਦੁਨੀਆਂ ਦੇ ਹਰ ਦੇਸ਼ ਵਿੱਚ ਨੈਨੀ ਇੱਕ ਸਨਮਾਨਿਤ ਕਾਰੋਬਾਰ ਅਤੇ ਸੇਵਾ ਸੰਭਾਲ ਦਾ ਕਾਰਜ਼ ਬਣ ਗਿਆ ਹੈ। ਇੱਕ ਨਰਸ ਦੀ ਡਿਊਟੀ ਡਾਕਟਰਾਂ, ਪਰਿਵਾਰਿਕ ਮੈਂਬਰਾਂ ਤੋਂ ਬਹੁਤ ਵੱਧ ਜ਼ਰੂਰੀ ਹਨ। ਨਰਸਾਂ ਨੂੰ ਹਰੇਕ ਮਰੀਜ਼ ਜ਼ਖ਼ਮੀ ਕੋਲ ਜਾਕੇ ਮਲ੍ਹਮ ਪੱਟੀਆਂ ਕਰਨੀਆਂ ਹੁੰਦੀਆਂ ਹਨ। ਬਿਸਤਰੇ ਦੀਆਂ ਚਾਦਰਾਂ ਬਦਲਣੀਆਂ ਹਨ, ਮਰੀਜ਼ਾਂ ਦੇ ਰਿਸ਼ਤੇਦਾਰਾਂ ਦੋਸਤਾਂ ਨੂੰ ਹੌਸਲਾ ਅਫ਼ਜ਼ਾਈ ਕਰਨੀ ਪੈਂਦੀ ਹੈ। ਮਰੀਜ਼ਾਂ ਦੀ ਸਫਾਈ ਸਵੱਛਤਾ ਸੁੰਦਰਤਾ ਹੌਂਸਲਾ ਅਫਜ਼ਾਈ ਲਈ ਵਧੀਆ ਢੰਗ ਤਰੀਕਿਆਂ ਨਾਲ ਗੱਲਾਂਬਾਤਾਂ ਕਰਨੀਆਂ ਪੈਂਦੀਆਂ ਹਨ। ਆਪਣੀ ਸਿਹਤ ਤਦੰਰੁਸਤੀ ਤਾਕਤ ਸੁਰੱਖਿਆ ਸੁੱਖ ਸਹੂਲਤਾਂ ਸਨਮਾਨ ਉਨਤੀ ਖੁਸ਼ਹਾਲੀ ਸਹਿਣਸ਼ੀਲਤਾ ਨਿਮਰਤਾ ਸਫ਼ਾਈ ਸਵੱਛਤਾ ਅਤੇ ਪਰਿਵਾਰਕ ਮੈਂਬਰਾਂ ਦੀ ਸੇਵਾ ਸੰਭਾਲ ਲਈ ਵੀ ਯਤਨ ਕਰਨੇ ਪੈਂਦੇ ਹਨ।

ਅਨੇਕਾਂ ਦੇਸ਼ਾਂ ਵਿੱਚ ਨਰਸਾਂ ਨੂੰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਲਈ ਵੀ ਤਿਆਰ ਕੀਤਾ ਜਾ ਰਿਹਾ ਹੈ ਜਿਵੇਂ ਫਲੋਰੈਂਸ ਨਾਈਟਿੰਗੇਲ ਨੇ ਜੰਗਾਂ ਮਹਾਂਮਾਰੀਆਂ ਹਿੰਸਾ ਦੌਰਾਨ ਜ਼ਖ਼ਮੀ ਸੈਨਿਕਾਂ ਦੀ ਸੇਵਾ ਸੰਭਾਲ ਕਰਕੇ ਇਸਤਰੀਆਂ ਲੜਕੀਆਂ ਦਾ ਸਨਮਾਨ ਵਧਾਇਆ ਦੇਸ਼ ਸਮਾਜ ਨੂੰ ਪਿਆਰ ਸਤਿਕਾਰ ਦੇਣ ਵਾਲੇ ਸੈਨਿਕਾਂ ਨੂੰ ਪਿਆਰ ਹਮਦਰਦੀ ਨਿਮਰਤਾ ਨਾਲ ਸਿਹਤਮੰਦ ਤਦਰੁੰਸਤ ਖੁਸ਼ਹਾਲ ਸੁਰੱਖਿਅਤ ਕੀਤਾ ਸੀ। ਕਿਉਂਕਿ ਦੁਨੀਆਂ ਸਮਝਦੀ ਹੈ ਕਿ ਇਸਤਰੀਆਂ ਵਿਚ ਆਦਮੀਆਂ ਨਾਲੋਂ ਵੱਧ ਨਿਮਰਤਾ ਸ਼ਹਿਣਸ਼ੀਲਤਾ ਸਬਰ ਸ਼ਾਂਤੀ ਮਿੱਤਰਤਾ ਇਨਸਾਨੀਅਤ ਦੇ ਗੁਣ ਗਿਆਨ ਵੀਚਾਰ ਭਾਵਨਾਵਾਂ ਆਦਤਾਂ ਵੱਧ ਹੁੰਦੀਆਂ ਹਨ ਅਤੇ ਜਦੋਂ ਇੱਕ ਲੜਕੀ ਨੂੰ ਇਨ੍ਹਾਂ ਮਹਾਨ ਗੁਣਾਂ ਨਾਲ ਜ਼ਖਮੀਆਂ ਬਿਮਾਰਾਂ ਦੇ ਦੁੱਖ ਦਰਦ ਨਿਵਾਰਣ ਦਾ ਗਿਆਨ ਦਿੱਤਾ ਜਾਂਦਾ ਤਾਂ ਉਹ ਨਰਸਾਂ ਧਰਤੀ ਮਾਤਾ ਦੀ ਗੋਂਦ ਵਿਚ ਸੰਤ ਸਿਪਾਹੀ ਹੋ ਸਕਦੀਆਂ ਹਨ। ਇਸ ਲਈ ਹਰੇਕ ਨਰਸ ਨੂੰ ਸਮਝ ਲੈਣਾ ਚਾਹੀਦਾ ਕਿ ਸਾਨੂੰ ਪਰਮਾਤਮਾ ਨੇ ਦੁਨੀਆਂ ਵਿੱਚ, ਮਰੀਜ਼ਾਂ ਜ਼ਖਮੀਆਂ ਤੜਫਦੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਦੁੱਖ ਦਰਦ ਤਕਲੀਫਾਂ ਦੂਰ ਕਰਨ ਅਤੇ ਜ਼ਖਮਾਂ ਨੂੰ ਮਲ੍ਹਮ ਪੱਟੀਆਂ ਕਰਨ ਲਈ ਪੀੜਤਾਂ ਦੇ ਮਦਦਗਾਰ ਫਰਿਸਤੇ ਬਣਾਇਆ ਹੈ, ਧੰਨ ਦੌਲਤ ਸ਼ੋਹਰਤ ਕਮਾਉਣ ਲਈ ਨਹੀਂ।






ਡਾ. ਬਲਵਿੰਦਰ ਕੌਰ
ਪ੍ਰਿੰਸੀਪਲ ਕਮ ਪ੍ਰੋਫੈਸਰ, ਸਰਕਾਰੀ ਕਾਲਜ ਆਫ ਨਰਸਿੰਗ, ਰਾਜਿੰਦਰਾ ਹਸਪਤਾਲ ਪਟਿਆਲਾ
9888684600

# ਸਿਆਸੀ ਪਾਰਟੀਆਂ ਦੇ ਉਧਾਰੇ ਉਮੀਦਵਾਰ

ਲੋਕ ਸਭਾ ਚੋਣਾਂ 'ਚ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਉਧਾਰੇ ਉਮੀਦਵਾਰ ਲੈ ਕੇ ਚੋਣਾਂ ਲੜ ਰਹੀਆਂ ਹਨ। ਭਾਰਤ ਦੇ ਚੋਣ ਇਤਿਹਾਸ 'ਚ ਇਹ ਪਹਿਲੀ ਵਾਰ ਹੋਇਆ ਹੈ ਕਿ ਆਪਣੀਆਂ ਪਾਰਟੀਆਂ ਬਦਲਣ ਤੋਂ ਤੁਰੰਤ ਬਾਅਦ ਹੀ ਦੂਜੀਆਂ ਪਾਰਟੀਆਂ ਨੇ ਉਮੀਦਵਾਰ ਬਣਾਇਆ ਹੋਵੇ। ਇੰਨੇ ਵੱਡੇ ਪੱਧਰ 'ਤੇ ਪਾਰਟੀ ਬਦਲਣਾ ਵੀ ਭਾਰਤ ਦੇ ਇਤਿਹਾਸ 'ਚ ਪਹਿਲੀ ਵਾਰ ਹੋਇਆ ਹੈ।

ਸਿਆਸੀ ਪਾਰਟੀਆਂ ਕੋਲ ਆਪਣੇ ਨੇਤਾਵਾਂ ਦਾ ਖਲਾਅ ਪੈਦਾ ਹੋ ਗਿਆ ਹੈ। ਪੰਜਾਬ ਦੇ ਸਿਆਸੀ ਨੇਤਾ ਵੀ ਇੰਨੇ ਖ਼ੁਦਗਰਜ ਤੇ ਮੌਕਾਪ੍ਰਸਤ ਹੋ ਗਏ ਹਨ ਕਿ ਉਨ੍ਹਾਂ ਨੂੰ ਸਿਆਸੀ ਅਹੁਦੇ ਤੋਂ ਬਿਨਾਂ ਰੋਟੀ ਹਜ਼ਮ ਨਹੀਂ ਹੁੰਦੀ। ਜੇ ਉਨ੍ਹਾਂ ਨੂੰ ਆਪਣੀ ਮਾਂ ਪਾਰਟੀ ਤੋਂ ਚੋਣਾਂ ਮੌਕੇ ਟਿਕਟ ਨਾ ਮਿਲੇ ਤਾਂ ਉਹ ਆਪਣੀ ਮਾਂ ਬਦਲਣ ਲੱਗਿਆਂ ਦੇਰ ਨਹੀਂ ਲਾਉਂਦੇ। ਪੰਜਾਬ ਦੀਆਂ ਪ੍ਰਮੁੱਖ ਪਾਰਟੀਆਂ ਕਾਂਗਰਸ, ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਨਵੀਂ ਬਣੀ ਆਮ ਆਦਮੀ ਪਾਰਟੀ ਲੋਕ ਸਭਾ ਦੀਆਂ ਚੋਣਾਂ ਉਧਾਰੇ ਉਮੀਦਵਾਰ ਲੈ ਕੇ ਲੜ ਰਹੀਆਂ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਨੇ ਕਈ-ਕਈ ਵਾਰ ਪਾਰਟੀਆਂ ਬਦਲੀਆਂ ਹਨ। ਪੰਜਾਬ 'ਚ 13 ਲੋਕ ਸਭਾ ਦੀਆਂ ਸੀਟਾਂ ਹਨ। ਇਨ੍ਹਾਂ ਉੱਪਰ ਕਾਂਗਰਸ ਪਾਰਟੀ ਨੇ 5, ਅਕਾਲੀ ਦਲ ਨੇ 2, ਭਾਰਤੀ ਜਨਤਾ ਪਾਰਟੀ ਨੇ 9 ਅਤੇ ਆਮ ਆਦਮੀ ਪਾਰਟੀ ਨੇ 5 ਉਮੀਦਵਾਰ ਉਧਾਰੇ ਲੈ ਕੇ ਖੜ੍ਹੇ ਕੀਤੇ ਹਨ। ਜੇ ਇਨ੍ਹਾਂ ਉਮੀਦਵਾਰਾਂ ਦੇ ਸਿਆਸੀ ਕਰੀਅਰ 'ਤੇ ਬਾਰੀਕੀ ਨਾਲ ਝਾਤ ਮਾਰੀ ਜਾਵੇ ਤਾਂ ਕੁਝ ਕੁ ਨੂੰ ਛੱਡ ਕੇ ਬਾਕੀ ਸਾਰੇ ਹੀ ਉਮੀਦਵਾਰ ਪਾਰਟੀਆਂ ਬਦਲ ਕੇ ਆਏ ਹਨ। ਆਮ ਆਦਮੀ ਪਾਰਟੀ ਦੇ ਹੁਸ਼ਿਆਰਪੁਰ ਤੋਂ ਲੋਕ ਸਭਾ ਦੇ ਉਮੀਦਵਾਰ ਰਾਜ ਕੁਮਾਰ ਚੱਬੇਵਾਲ ਕਾਂਗਰਸ ਪਾਰਟੀ ਦੇ ਵਰਤਮਾਨ ਵਿਧਾਇਕ ਸਨ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਡਿਪਟੀ ਨੇਤਾ ਸਨ। ਵਿਧਾਨ ਸਭਾ ਦੇ ਇਜਲਾਸ ਵੇਲੇ ਉਹ ਸਿਰ 'ਤੇ 'ਕਰਜ਼ੇ ਦੀ ਪੰਡ' ਚਾਈ ਦਿਸੇ ਸਨ। ਉਹ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ ਹਨ। ਇਸੇ ਤਰ੍ਹਾਂ ਗੁਰਪ੍ਰੀਤ ਸਿੰਘ ਜੀਪੀ ਕਾਂਗਰਸ ਦੇ ਬਸੀ ਪਠਾਣਾਂ ਹਲਕੇ ਤੋਂ ਵਿਧਾਇਕ ਰਹੇ ਹਨ। ਪਹਿਲਾਂ ਆਜ਼ਾਦ ਉਮੀਦਵਾਰ ਚਮਕੌਰ ਸਾਹਿਬ ਤੋਂ ਚੋਣ ਲੜੇ ਸਨ। ਹੁਣ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ ਅਤੇ ਫ਼ਤਹਿਗੜ੍ਹ ਸਾਹਿਬ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ। ਅਸ਼ੋਕ ਕੁਮਾਰ ਪਰਾਸ਼ਰ (ਪੱਪੀ ਪਰਾਸ਼ਰ) ਕਾਂਗਰਸੀ ਪਰਿਵਾਰ ਵਿੱਚੋਂ ਹਨ। ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਪ੍ਰੰਤੂ ਕੈਪਟਨ ਅਮਰਿੰਦਰ ਸਿੰਘ ਮੌਕੇ ਫਿਰ ਕਾਂਗਰਸ ਵਿਚ ਆ ਗਏ। ਸੰਨ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਕੇ ਲੁਧਿਆਣਾ ਕੇਂਦਰੀ ਤੋਂ ਵਿਧਾਇਕ ਬਣ ਗਏ। ਪਰਾਸ਼ਰ ਇਸ ਸਮੇਂ ਲੁਧਿਆਣਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ।

ਪਵਨ ਕੁਮਾਰ ਟੀਨੂੰ ਅਕਾਲੀ ਦਲ ਦੇ ਵਿਧਾਨਕਾਰ ਰਹੇ ਹਨ। ਇਸ ਵਾਰ ਅਕਾਲੀ ਦਲ ਦੀ ਜਲੰਧਰ ਤੋਂ ਟਿਕਟ ਦੇ ਦਾਅਵੇਦਾਰ ਸਨ ਪ੍ਰੰਤੂ ਟਿਕਟ ਨਾ ਮਿਲਣ ਕਰਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਕੇ ਜਲੰਧਰ ਤੋਂ ਚੋਣ ਲੜ ਰਹੇ ਹਨ। ਗੁਰਮੀਤ ਸਿੰਘ ਖੁੱਡੀਆਂ ਵੀ ਅਕਾਲੀ ਪਰਿਵਾਰ ਵਿੱਚੋਂ ਹਨ। ਉਨ੍ਹਾਂ ਦਾ ਪਿਤਾ ਜਗਦੇਵ ਸਿੰਘ ਖੁੱਡੀਆਂ ਅਕਾਲੀ ਦਲ ਦਾ ਲੋਕ ਸਭਾ ਦਾ ਮੈਂਬਰ ਸੀ। ਉਹ ਪਹਿਲਾਂ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਗਏ ਸਨ। ਫਿਰ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਕੇ ਵਿਧਾਨਕਾਰ ਬਣ ਗਏ ਸਨ। ਜਗਦੀਪ ਸਿੰਘ ਕਾਕਾ ਬਰਾੜ ਜੋ ਫਿਰੋਜ਼ਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ, ਉਹ ਵੀ ਅਕਾਲੀ ਪਰਿਵਾਰ 'ਚੋਂ ਹਨ। ਕਰਮਜੀਤ ਸਿੰਘ ਅਨਮੋਲ ਫਿਲਮਾਂ 'ਚੋਂ ਸਿਆਸਤ 'ਚ ਆਏ ਹਨ। ਆਮ ਆਦਮੀ ਪਾਰਟੀ ਕੋਲ ਨੇਤਾਵਾਂ ਦੀ ਘਾਟ ਕਰਕੇ 5 ਮੰਤਰੀ ਤੇ 3 ਵਿਧਾਨਕਾਰ ਚੋਣ ਮੈਦਾਨ 'ਚ ਹਨ। ਕਾਂਗਰਸ ਦੇ ਉਮੀਦਵਾਰਾਂ 'ਚੋਂ ਸੁਖਜਿੰਦਰ ਸਿੰਘ ਰੰਧਾਵਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਜੈਇੰਦਰ ਸਿੰਗਲਾ ਤੇ ਗੁਰਜੀਤ ਸਿੰਘ ਔਜਲਾ ਅਜਿਹੇ ਉਮੀਦਵਾਰ ਹਨ ਜਿਨ੍ਹਾਂ ਨੇ ਕਦੇ ਪਾਰਟੀ ਨਹੀਂ ਬਦਲੀ। ਸੁਖਪਾਲ ਸਿੰਘ ਖਹਿਰਾ ਦਾ ਪਿਤਾ ਸਵਰਗੀ ਸੁਖਜਿੰਦਰ ਸਿੰਘ ਅਕਾਲੀ ਦਲ ਦੇ ਮੰਤਰੀ ਰਹੇ ਹਨ। ਸੁਖਪਾਲ ਸਿੰਘ ਖਹਿਰਾ ਵੀ ਅਕਾਲੀ ਦਲ ਤੋਂ ਕਾਂਗਰਸ, ਕਾਂਗਰਸ ਤੋਂ ਆਮ ਆਦਮੀ ਪਾਰਟੀ ਤੇ ਫਿਰ ਕਾਂਗਰਸ 'ਚ ਆਏ ਹਨ। ਉਹ ਸੰਗਰੂਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਹਨ। ਡਾ. ਧਰਮਵੀਰ ਗਾਂਧੀ ਵਿਦਿਆਰਥੀ ਜੀਵਨ ਤੋਂ ਖੱਬੇ-ਪੱਖੀ ਸੋਚ ਦੇ ਹਾਮੀ ਰਹੇ ਹਨ।

ਸਿਆਸਤ 'ਚ ਆਮ ਆਦਮੀ ਪਾਰਟੀ ਰਾਹੀਂ ਆਏ ਤੇ 2014 ਵਿਚ ਪਟਿਆਲਾ ਤੋਂ ਲੋਕ ਸਭਾ ਦੇ ਮੈਂਬਰ ਬਣ ਗਏ। ਇਸ ਵਾਰ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਗਏ ਤੇ ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਹਨ। ਯਾਮਿਨੀ ਗੋਮਰ ਨੇ 2014 ਵਿਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜੀ ਸੀ ਅਤੇ 2016 ਵਿਚ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਫਿਰ ਕਾਂਗਰਸ ਪਾਰਟੀ ਵਿਚ ਆਏ ਤੇ ਹੁਣ ਹੁਸ਼ਿਆਰਪਰ ਤੋਂ ਲੋਕ ਸਭਾ ਦੀ ਚੋਣ ਲੜ ਰਹੇ ਹਨ। ਚਰਨਜੀਤ ਸਿੰਘ ਚੰਨੀ ਵੀ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚਮਕੌਰ ਸਾਹਿਬ ਤੋਂ ਚੋਣ ਲੜੇ ਸਨ ਤੇ ਫਿਰ ਕਾਂਗਰਸ ਵਿਚ ਆਏ, ਮੰਤਰੀ ਤੇ ਮੁੱਖ ਮੰਤਰੀ ਬਣੇ। ਹੁਣ ਜਲੰਧਰ ਤੋਂ ਚੋਣ ਲੜ ਰਹੇ ਹਨ। ਜੀਤ ਮਹਿੰਦਰ ਸਿੰਘ ਸਿੱਧੂ ਪਹਿਲਾਂ ਅਕਾਲੀ ਦਲ ਵਿਚ ਸਨ, ਫਿਰ 2002 'ਚ ਤਲਵੰਡੀ ਸਾਬੋ ਤੋਂ ਆਜ਼ਾਦ ਵਿਧਾਨਕਾਰ ਬਣੇ, 2004 ਵਿਚ ਕਾਂਗਰਸ ਵਿਚ ਸ਼ਾਮਲ ਹੋ ਗਏ। ਸੰਨ 2012 ਵਿਚ ਕਾਂਗਰਸ ਪਾਰਟੀ ਤੋਂ ਵਿਧਾਨਕਾਰ ਬਣੇ, 2014 ਵਿਚ ਅਸਤੀਫ਼ਾ ਦੇ ਕੇ ਅਕਾਲੀ ਦਲ ਵਿਚ ਚਲੇ ਗਏ। ਹੁਣ ਕਾਂਗਰਸ ਵਿਚ ਸ਼ਾਮਲ ਹੋ ਕੇ ਬਠਿੰਡਾ ਤੋਂ ਉਮੀਦਵਾਰ ਹਨ। ਅਮਰਜੀਤ ਕੌਰ ਸਾਹੋਕੇ ਅਕਾਲੀ ਦਲ ਵਿੱਚੋਂ ਆਏ ਹਨ। ਉਹ ਅਕਾਲੀ ਦਲ ਦੇ ਜ਼ਿਲ੍ਹਾ ਪ੍ਰੀਸ਼ਦ ਫਰੀਦਕੋਟ ਦੇ ਚੇਅਰਪਰਸਨ ਰਹੇ ਹਨ। ਹੁਣ ਕਾਂਗਰਸ ਪਾਰਟੀ ਵੱਲੋਂ ਚੋਣ ਲੜ ਰਹੇ ਹਨ। ਕੁਲਬੀਰ ਸਿੰਘ ਜ਼ੀਰਾ ਦੇ ਪਿਤਾ ਇੰਦਰਜੀਤ ਸਿੰਘ ਜ਼ੀਰਾ ਅਕਾਲੀ ਦਲ ਦੇ ਮੰਤਰੀ ਸਨ। ਕੁਲਬੀਰ ਸਿੰਘ ਜ਼ੀਰਾ ਵੀ ਅਕਾਲੀ ਦਲ ਤੋਂ ਕਾਂਗਰਸ ਵਿਚ ਆ ਕੇ ਵਿਧਾਨਕਾਰ ਰਹੇ ਹਨ।

ਹੁਣ ਲੋਕ ਸਭਾ ਦੀ ਚੋਣ ਖਡੂਰ ਸਾਹਿਬ ਸੀਟ ਤੋਂ ਲੜ ਰਹੇ ਹਨ। ਸ਼ੇਰ ਸਿੰਘ ਘੁਬਾਇਆ ਅਕਾਲੀ ਦਲ ਦੇ ਫਿਰੋਜ਼ਪੁਰ ਤੋਂ ਦੋ ਵਾਰ 2009 ਤੇ 2014 'ਚ ਲੋਕ ਸਭਾ ਦੇ ਮੈਂਬਰ ਰਹੇ ਹਨ ਪ੍ਰੰਤੂ ਇਸ ਵਾਰ ਕਾਂਗਰਸ ਦੇ ਉਮੀਦਵਾਰ ਹਨ। ਅਮਰ ਸਿੰਘ ਸੇਵਾ ਮੁਕਤ ਆਈਏਐਸ ਅਧਿਕਾਰੀ ਹਨ। ਅਕਾਲੀ ਦਲ ਵੱਲੋਂ ਅਨਿਲ ਜੋਸ਼ੀ ਜੋ ਅੰਮ੍ਰਿਤਸਰ ਤੋਂ ਲੋਕ ਸਭਾ ਦੀ ਚੋਣ ਲੜ ਰਹੇ ਹਨ, ਭਾਰਤੀ ਜਨਤਾ ਪਾਰਟੀ ਦੇ ਸਥਾਨਕ ਸਰਕਾਰਾਂ ਦੇ ਮਹੱਤਵਪੂਰਨ ਵਿਭਾਗ ਦੇ ਮੰਤਰੀ ਰਹੇ ਹਨ। ਕਿਸਾਨ ਅੰਦੋਲਨ ਸਮੇਂ ਉਹ ਅਕਾਲੀ ਦਲ ਵਿਚ ਆ ਗਏ ਸਨ। ਏਸੇ ਤਰ੍ਹਾਂ ਮਹਿੰਦਰ ਸਿੰਘ ਕੇਪੀ ਟਕਸਾਲੀ ਕਾਂਗਰਸ ਪਰਿਵਾਰ ਵਿੱਚੋਂ ਹਨ। ਉਹ ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਤੇ ਪੰਜਾਬ ਵਜ਼ਾਰਤ ਵਿਚ ਮੰਤਰੀ ਰਹੇ ਹਨ। ਕਾਂਗਰਸ ਦੇ ਲੋਕ ਸਭਾ ਦੇ ਮੈਂਬਰ ਵੀ ਰਹੇ ਹਨ। ਟਿਕਟ ਨਾ ਮਿਲਣ ਕਰਕੇ ਅਕਾਲੀ ਦਲ ਵਿਚ ਆ ਗਏ ਹਨ ਤੇ ਜਲੰਧਰ ਤੋਂ ਆਪਣੇ ਰਿਸ਼ਤੇਦਾਰ ਵਿਰੁੱਧ ਚੋਣ ਲੜ ਰਹੇ ਹਨ। ਮਹਾਰਾਣੀ ਪ੍ਰਨੀਤ ਕੌਰ ਕਾਂਗਰਸ ਪਾਰਟੀ ਦੇ ਚਾਰ ਵਾਰ ਲੋਕ ਸਭਾ ਦੇ ਮੈਂਬਰ, ਇਕ ਵਾਰ ਵਿਧਾਇਕ ਤੇ ਕੇਂਦਰੀ ਰਾਜ ਮੰਤਰੀ ਰਹੇ ਹਨ। ਉਹ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ ਤੇ ਇਸ ਵਾਰ ਪਟਿਆਲਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਚੋਣ ਲੜ ਰਹੇ ਹਨ। ਉਨ੍ਹਾਂ ਦੇ ਪਤੀ ਕੈਪਟਨ ਅਮਰਿੰਦਰ ਸਿੰਘ ਭਾਵੇਂ ਇਸ ਵਾਰ ਚੋਣ ਨਹੀਂ ਲੜੇ ਪਰ ਉਹ ਦੋ ਵਾਰ ਕਾਂਗਰਸ ਦੇ ਮੁੱਖ ਮੰਤਰੀ, ਅਕਾਲੀ ਮੰਤਰੀ ਰਹੇ ਤੇ ਹੁਣ ਭਾਜਪਾ ਨੇਤਾ ਹਨ। ਸੁਸ਼ੀਲ ਕੁਮਾਰ ਰਿੰਕੂ ਕਾਂਗਰਸ ਦੇ ਵਿਧਾਨਕਾਰ ਰਹੇ ਹਨ। ਜਲੰਧਰ ਜ਼ਿਮਨੀ ਚੋਣ ਸਮੇਂ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਕੇ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ।

ਹੁਣ ਉਹ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ ਹਨ ਤੇ ਉਸ ਦੇ ਉਮੀਦਵਾਰ ਦੇ ਤੌਰ 'ਤੇ ਜਲੰਧਰ ਤੋਂ ਚੋਣ ਲੜ ਰਹੇ ਹਨ। ਰਵਨੀਤ ਸਿੰਘ ਬਿੱਟੂ ਤਿੰਨ ਵਾਰ ਕਾਂਗਰਸ ਪਾਰਟੀ ਦੇ ਲੋਕ ਸਭਾ ਦੇ ਮੈਂਬਰ ਅਤੇ ਲੋਕ ਸਭਾ ਵਿਚ ਥੋੜ੍ਹੇ ਸਮੇਂ ਲਈ ਵਿਰੋਧੀ ਧਿਰ ਦੇ ਨੇਤਾ ਰਹੇ ਹਨ। ਹੁਣ ਉਹ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਕੇ ਲੁਧਿਆਣਾ ਤੋਂ ਚੋਣ ਲੜ ਰਹੇ ਹਨ। ਮਨਜੀਤ ਸਿੰਘ ਮੰਨਾ ਅਕਾਲੀ ਦਲ ਵਿੱਚੋਂ ਆ ਕੇ ਭਾਰਤੀ ਜਨਤਾ ਪਾਰਟੀ ਦੇ ਖਡੂਰ ਸਾਹਿਬ ਤੋਂ ਉਮੀਦਵਾਰ ਹਨ। ਰਾਣਾ ਗੁਰਮੀਤ ਸਿੰਘ ਸੋਢੀ ਕਾਂਗਰਸ ਦੇ 4 ਵਾਰ ਵਿਧਾਇਕ ਤੇ ਮੰਤਰੀ ਰਹੇ ਹਨ। ਇਸ ਵਾਰ ਫਿਰੋਜ਼ਪੁਰ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਨ। ਅਰਵਿੰਦ ਖੰਨਾ ਅਕਾਲੀ ਦਲ ਤੋਂ ਕਾਂਗਰਸ ਵਿਚ ਆਏ ਤੇ ਦੋ ਵਾਰ ਕਾਂਗਰਸ ਦੇ ਵਿਧਾਇਕ ਰਹੇ ਤੇ ਹੁਣ ਭਾਰਤੀ ਜਨਤਾ ਪਾਰਟੀ ਦੇ ਸੰਗਰੂਰ ਤੋਂ ਉਮੀਦਵਾਰ ਹਨ। ਤਰਨਜੀਤ ਸਿੰਘ ਸੰਧੂ ਅਮਰੀਕਾ 'ਚੋਂ ਭਾਰਤੀ ਹਾਈ ਕਮਿਸ਼ਨਰ ਸੇਵਾ ਮੁਕਤ ਹੋ ਕੇ ਅੰਮ੍ਰਿਤਸਰ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਨ। ਉਹ ਵੀ ਅਕਾਲੀ ਪਰਿਵਾਰ 'ਚੋਂ ਹਨ। ਇਸੇ ਤਰ੍ਹਾਂ ਪਰਮਪਾਲ ਕੌਰ ਸੇਵਾ ਮੁਕਤ ਆਈਏਐਸ ਅਧਿਕਾਰੀ ਜੋ ਅਕਾਲੀ ਪਰਿਵਾਰ 'ਚੋਂ ਹਨ ਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਬਠਿੰਡਾ ਤੋਂ ਚੋਣ ਲੜ ਰਹੇ ਹਨ। ਹੰਸ ਰਾਜ ਹੰਸ ਨੇ ਵੀ ਕਈ ਪਾਰਟੀਆਂ ਬਦਲੀਆਂ ਹਨ। ਵੋਟਰ ਇਨ੍ਹਾਂ ਦੀਆਂ ਦਲ-ਬਦਲੀਆਂ ਨੂੰ ਕਿਵੇਂ ਲੈਂਦੇ ਹਨ ਇਹ ਤਾਂ 4 ਜੂਨ ਨੂੰ ਹੀ ਪਤਾ ਚੱਲੇਗਾ।

**-ਉਜਾਗਰ ਸਿੰਘ**
**-(ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ)**

# ਮਾਵਾਂ ਬਿਨ ਠੰਡੀਆਂ ਛਾਵਾਂ ਕੌਣ ਕਰੇ..!

ਪ੍ਰਸਿੱਧ ਗਾਇਕ ਕੁਲਦੀਪ ਮਾਣਕ ਦਾ ਉਹ ਗੀਤ 'ਮਾਂ' ਹੁੰਦੀ ਹੈ ਮਾਂ ਓਏ ਦੁਨੀਆ ਵਾਲਿਓ÷ ਸਹੀ ਲਫ਼ਜ਼ ਬਿਆਨ ਕੀਤੇ ਗਏ ਹਨ ਕਿਉਂਕਿ ਮਾਵਾਂ ਬਿਨ ਠੰਡੀਆਂ ਛਾਵਾਂ ਕੋਈ ਨਹੀਂ ਕਰ ਸਕਦਾ, ਇੱਕ ਮਾਂ ਹੀ ਹੈ ਜਿਸਨੇ ਸਵੇਰੇ ਉੱਠਣ ਸਾਰ ਇਹ ਕਹਿਣਾ ਪੁੱਤ-ਧੀਏ ਉੱਠ ਚਾਹ ਪੀ ਲਾ, ਤਿਆਰ ਹੋ ਲੈ, ਪੜ ਲਾ, ਕੰਮ ਕਰ ਲਾ, ਡਿਊਟੀ ਤੇ ਜਾਣਾ ਜਾਂ ਖੇਤ ਗੇੜਾ ਮਾਰਨਾ ਜਾਂ ਹੋਰ ਕੰਮ ਕਰ ਲਾ, ਫਿਰ ਉਸੇ ਮਾਂ ਨੇ ਕਹਿਣਾ ਪੁੱਤ ਰੋਟੀ ਖਾ ਲੈ, ਫਿਰ ਉਸੇ ਮਾ ਨੇ ਕਹਿਣਾ ਪੁੱਤ ਟਾਈਮ ਨਾਲ ਸੌਂ ਜਾ, ਕਿਉਂਕਿ ਮਾਂ ਹੀ ਇੱਕ ਅਜਿਹਾ ਲਫਜ਼ ਹੈ ਜੋ ਦਿਲ ਨੂੰ ਸਕੂਨ ਦੇਣ ਦੇ ਨਾਲ ਤੁਹਾਡੀ ਹਰ ਪੱਖ ਤੋਂ ਨਿਗਰਾਨੀ ਕਰਦੇ ਹੋਏ ਤੁਹਾਡੇ ਤਰੱਕੀ ਦੇ ਸਾਧਨਾਂ ਲਈ ਇੱਕ ਤਾਕਤ ਬਣ ਕੇ ਨਾਲ ਖੜਦਾ ਹੈ।

ਆਓ 12 ਮਈ ਦੇ ਮਾਂ ਦਿਵਸ ਵਾਲੇ ਦਿਨ ਨੂੰ ਇੱਕ ਸ਼ਰਧਾ, ਭਾਵਨਾ ਅਤੇ ਉਤਸ਼ਾਹ ਪੁਰਵਕ ਮਨਾਈਏ ਅਤੇ ਆਪਣੀ ਮਾਂ ਨੂੰ ਸਵੇਰੇ ਉੱਠਣ ਸਾਰ ਇੱਕ ਅਜਿਹਾ ਤੋਹਫਾ ਦੇਈਏ ਕਿ ਮਾਂ ਵੀ ਕਹੇ ਕਿ ਹਾਂ ਮੇਰਾ ਪੁੱਤ, ਮੇਰੀ ਧੀ ਮੇਰੇ ਲਈ ਮਾਣ ਹੈ ਜਿਸਨੇ ਮੇਰੇ ਪਰਿਵਾਰ ਦਾ ਨਾਮ ਉੱਚਾ ਕੀਤਾ ਹੈ। ਅਸੀਂ ਜਿਸ ਖਿੱਤੇ ਵਿੱਚ ਕੰਮ ਕਰਦੇ ਹਾਂ ਉਸ ਵਿੱਚ ਦੇਖਣ ਨੂੰ ਮਿਲਦਾ ਹੈ ਕਿ ਅੱਜ ਇਨਸਾਨੀਅਤ ਰਿਸ਼ਤੇ ਤਾਰ-ਤਾਰ ਹੋ ਰਹੇ ਹਨ, ਮਾਂ ਪੁੱਤ, ਭੈਣ ਭਰਾ, ਪਤੀ ਪਤਨੀ ਵਿੱਚ ਕਲੇਸ਼ ,ਪੈਸਿਆਂ ਦੀ ਵੰਡ, ਜਮੀਨਾਂ ਦੇ ਰੌਲੇ, ਇਹਨਾਂ ਰਿਸ਼ਤਿਆਂ ਨੂੰ ਦੂਰ ਕਰ ਰਹੇ ਹਨ, ਪਰ ਪੰਜਾਬੀ ਵਿਰਸਾ ਇੱਕ ਅਜਿਹਾ ਸੁਨੇਹਾ ਦਿੰਦਾ ਹੈ ਕਿ ਹਰ ਰਿਸ਼ਤੇ ਦੀ ਸਾਂਭ ਸੰਭਾਲ ਲਈ ਇੱਕ ਮਾਂ ਹੀ ਉਸ ਨੂੰ ਹੌਸਲਾ ਦਿੰਦੀ ਹੈ ,ਔਖੇ ਵੇਲੇ ਵੀ ਸਾਨੂੰ ਮਾਂ ਹੀ ਯਾਦ ਆਉਂਦੀ ਹੈ, ਕੋਈ ਸਰੀਰਕ ਤਕਲੀਫ ਹੁੰਦੀ ਹੈ ਤਾਂ ਵੀ ਮਾਂ ਯਾਦ ਆਉਂਦੀ ਹੈ।

ਆਓ ਆਪਾਂ ਇਸ ਦਿਨ ਨੂੰ ਇੱਕ ਸ਼ਰਧਾ ਦੇ ਰੂਪ ਨਾਲ ਮਨਾਈਏ, ਮਾਵਾਂ ਦਾ ਸਤਿਕਾਰ ਵਧਾਈਏ । ਅੱਜ ਦੇ ਯੁੱਗ ਵਿੱਚ ਭਰੂਣ ਹੱਤਿਆ, ਦਹੇਜ ਵਰਗੀਆਂ ਲਾਹਨਤਾਂ ਅਤੇ ਕੁਝ ਲੜਕੀਆਂ ਦੇ ਮਾੜੇ ਕੰਮਾਂ ਕਰਕੇ ਇੱਕ ਲੜਕੀ ਦੇ ਪੈਦਾ ਹੋਣ ਤੇ ਵੀ ਚਿੰਤਾ ਹੋ ਜਾਂਦੀ ਹੈ ਪਰ ਜੇ ਆਪਾਂ ਆਪਣੇ ਵੱਲ ਦੇਖੀਏ, ਆਪਣੀਆਂ ਮਾਵਾਂ ਦੇ ਪਿਆਰ ਸਤਿਕਾਰ ਅਤੇ ਉਨਾਂ ਵੱਲੋਂ ਹੁਣ ਤੱਕ ਦੇ ਜੀਵਨ ਲਈ ਦਿੱਤੇ ਸਹਿਯੋਗ ਵੱਲ ਝਾਤ ਮਾਰੀਏ ਤਾਂ ਉਸ ਮਾਂ ਨੇ ਵੀ ਕਦੇ ਜਨਮ ਲਿਆ ਫਿਰ ਕਿਉਂ ਅੱਜ ਅਸੀਂ ਉਸ ਮਾਂ ਦੇ ਰੂਪ ਨੂੰ ਕੁੱਖਾਂ ਵਿੱਚ ਮਾਰਨ ਅਤੇ ਦਹੇਜ ਦੀ ਬਲੀ ਚਾੜਨ ਵਰਗੀਆਂ ਲਾਹਨਤਾਂ ਨੂੰ ਵੱਧਣ ਦੇ ਰਹੇ ਹਾਂ। ਸੋ ਆਓ ਆਪਾਂ ਇਸ ਦਿਨ ਤੇ ਇਹਨਾਂ ਨਾ-ਮੁਰਾਦ ਲਾਹਣਤਾਂ ਨੂੰ ਵੀ ਖਤਮ ਕਰਨ ਦਾ ਪ੍ਰਣ ਕਰੀਏ ਤੇ ਮਾਂ, ਧੀ, ਭੈਣ, ਪਤਨੀ ,ਇੱਕ ਚੰਗੀ ਦੋਸਤ ਦਾ ਸਤਿਕਾਰ ਵਧਾਉਣ ਵੱਲ ਫਰਜ ਨਿਭਾਈਏ ਕਿਉਂਕਿ ਮਾਂ ਮਾਂ ਹੀ ਹੁੰਦੀ ਹੈ ਅਤੇ ਮਾਂ ਹੀ ਠੰਡੀਆਂ ਛਾਵਾਂ ਕਰਦੀ ਹੈ ਜਿਸ ਕਰਕੇ ਇਸ ਲਫਜ਼ ਨੂੰ ਸਤਿਕਾਰ ਦੇਣ ਦੇ ਨਾਲ ਇਸ ਰਿਸ਼ਤੇ ਦੀ ਸਾਂਭ ਸੰਭਾਲ ਲਈ ਬਣਦਾ ਫਰਜ ਨਿਭਾਉਣਾ ਹਰ ਇਨਸਾਨ ਦਾ ਫਰਜ਼ ਹੈ। ਮਾਂ ਦਿਵਸ ਦੀ ਸਮੁੱਚੇ ਮਾਂ ਪ੍ਰੇਮੀਆਂ ਨੂੰ ਲੱਖ ਲੱਖ ਵਧਾਈ।

**ਅਨੰਤਦੀਪ ਕੌਰ ਬਠਿੰਡਾ**

# ਜਦੋ ਮਾੜੇ ਵਕਤ ਨੇ ਚੰਗਾ ਸਬਕ ਸਿਖਾਇਆ .....

ਕਈ ਵਾਰ ਮਨੁੱਖ ਦੀ ਜਿੰਦਗੀ ਅਜਿਹੀਆਂ ਘਟਨਾਂਵਾ ਵਾਪਰਦੀਆਂ ਹਨ ਜੋ ਉਸ ਲਈ ਮਾਰਗ ਦਰਸ਼ਕ ਜਾਂ ਸਬਕ ਬਣ ਜਾਂਦੀਆਂ ਹਨ/ਬੇਸ਼ਕ ਉਹ ਘਟਨਾਵਾਂ ਉਸ ਲਈ ਦਰਦ ਹੀ ਕਿਉ ਨਾ ਲੈ ਕੇ ਆਉਣ ? ਫਿਰ ਵੀ ਉਨਾ ਘਟਨਾਂਵਾ ਤੋ ਮਨੁੱਖ ਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਦਾ ,ਭਾਂਵੇ ਇਹ ਘਟਨਾਵਾਂ ਚੰਗੀਆ ਹੋਣ ਜਾਂ ਮਾੜੀਆ ,ਪਰ ਸਬਕ ਜਰੂਰ ਮਿਲਦਾ ਹੈ , ਜਿੰਦਗੀ ਚ ਅਚਾਨਕ ਵਾਪਰੀਆਂ ਇਹ ਘਟਨਾਂਵਾ ਬਹੁਤ ਸਾਰੇ ਲੋਕਾਂ ਲਈ ਮਾਰਗ ਦਰਸ਼ਕ ਬਣ ਜਾਂਦੀਆਂ ਹਨ,ਜਿਨਾ ਨੂੰ ਉਹ ਮਰਦੇ ਦਮ ਤੱਕ ਭੁੱਲ ਨਹੀ ਸਕਦੇ ਜਾਂ ਇੰਝ ਆਖ ਲਵੋ ਕਿ ਉਹ ਚਹੁੰਦੇ ਹੋਏ ਵੀ ਉਨਾ ਨੂੰ ਭੁਲਾਇਆ ਨਹੀ ਸਕਦੇ।

ਕਿਉਕਿ ਕਿਸੇ ਵੀ ਮਨੁੱਖ ਦੀ ਜਿੰਦਗੀ ਚ ਜਦੋ ਕੋਈ ਘਟਨਾ ਵਾਪਰਦੀ ਹੈ ਤਾ ਉਸ ਦੇ ਦੋ ਪੱਖ ਹੁੰਦੇ ਹਨ, ਇਕ ਚੰਗਾ ਇਕ ਮਾੜਾ/ਜਿਸ ਵਿੱਚ ਮਾੜਾ ਪੱਖ ਹਮੇਸ਼ਾਂ ਭਾਰੂ ਰਹਿੰਦਾ ਹੈ/ਕਿਉਕਿ ਸੱਚ ਨੂੰ ਸੱਚ ਸਾਬਤ ਕਰਨ ਲਈ ਬਹੁਤ ਵਕਤ ਲੱਗਦਾ ਹੈ, ਜਦ ਕਿ ਝੂਠ ਨੂੰ ਸੱਚ ਸਾਬਤ ਕਰਨ ਵਾਸਤੇ ਬਹੁਤਾ ਸਮਾ ਨਹੀ ਲਗਦਾ,ਜਿਸ ਦੀ ਵਜਾ ਇਹ ਮੰਨੀ ਜਾਂਦੀ ਹੈ ਕਿ ਦੁਨੀਆ ਝੂਠ ਤੇ ਜਿਆਦਾ ਵਿਸ਼ਵਾਸ਼ ਕਰਦੀ ਹੈ ਤੇ ਸੱਚ ਤੇ ਘੱਟ/ਮੇਰੇ ਨਾਲ ਵੀ ਕੁੱਝ ਅਜਿਹਾ ਹੀ ਵਾਪਰਿਆ,ਜਦੋ ਸੱਚਾ ਹੁੰਦੇ ਹੋਏ ਵੀ ਮੈਨੂੰ ਝੂਠਾ ਬਣਾ ਦਿੱਤਾ ਗਿਆ / ਸਿਆਣੇ ਕਹਿੰਦੇ ਹਨ ਕਿ ਜੇਕਰ ਕਿਸੇ ਝੂਠ ਨੂੰ ਵਾਰ ਵਾਰ ਬੋਲੋਗੇ ਤਾ ਰ ਝੂਠ ਵੀ ਸੱਚ ਲੱਗਣ ਲਗਦਾ ਹੈ।

ਮੇਰੀ ਜਿੰਦਗੀ ਵਿੱਚ ਵੀ ਇਕ ਅਜਿਹੀ ਘਟਨਾ ਵਾਪਰੀ ਜੋ ਮੈਨੂੰ ਬਹੁਤ ਕੁੱਝ ਸਿਖਾ ਗਈ, ਜਿਸ ਨੇ ਮੈਨੂੰ ਚੰਗੇ ਮਾੜੇ ਦੀ ਪਛਾਣ ਕਰਵਾ ਦਿੱਤੀ ਜਾਂ ਇਹ ਕਹਿ ਲਵੋ ਕਿ ਮੈਨੂੰ ਆਪਣੇ ਪਰਾਏ ਦੀ ਪਛਾਣ ਹੋ ਗਈ, ਜੇ ਇਸ ਤੋ ਵੀ ਅੱਗੇ ਆਖਾਂ ਤਾਂ ਮੇਰੇ ਚੰਗੇ ਵਕਤ ਨੇ ਦੁਨੀਆ ਨੂੰ ਦਸਿਆ ਕਿ ਮੈ ਕਿਹੋ ਜਿਹਾ ਹਾਂ ਤੇ ਮੇਰੇ ਮਾੜੇ ਵਕਤ ਨੇ ਮੈਨੂੰ ਦਸਿਆ ਕਿ ਦੁਨੀਆ ਕਿਹੋ ਜਿਹੀ ਹੈ।

ਗੱਲ 2022 ਦੀ ਹੈ ,ਜਦੋਂ ਝੂਠ ਨੂੰ ਸੱਚ ਸਾਬਤ ਕਰਕੇ ਕੁੱਝ ਲੋਕਾਂ ਵੱਲੋਂ ਮੇਰੇ ਤੇ ਪਰਚਾ ਕਰਵਾ ਦਿੱਤਾ ਗਿਆ ਤੇ ਮੈਨੂੰ ਜੇਲ ਜਾਣਾ ਪਿਆ ,ਉਨਾ ਲੋਕਾਂ ਵੱਲੋ ਮੇਰੇ ਖਿਲਾਫ ਛੜਿਅੰਤਰ ਰਚ ਕਿ ਇੱਕ ਵੱਡਾ ਬਬਾਲ ਖੜਾ ਕਰਨ ਦੀ ਕੋਸ਼ਿਸ ਕੀਤੀ ਗਈ ,ਇਸ ਵਿੱਚ ਵਿਉਂਤਾਂ ਬੁਨਣ ਵਾਲੇ ਕਾਫੀ ਹੱਦ ਤੱਕ ਸਫਲ ਵੀ ਰਹੇ,ਗੁਰਬਾਣੀ ਚ ਲਿਖਿਆ ਹੈ ਕਿ ਸੱਚ ਨੇ ਓੜਕ ਸੱਚ ਰਹਿਣਾ ਹੈ ਤੇ ਝੂਠ ਨੇ ਝੂਠ /ਏਸੇ ਲਈ ਆਖਿਆ ਜਾਂਦਾ ਹੈ ਕਿ ਝੂਠ ਦੇ ਪੈਰ ਨਹੀ ਹੁੰਦੇ ।

ਦੂਜਾ,ਰੱਬ ਜੋ ਕਰਦਾ ਹੈ ਚੰਗੇ ਲਈ ਕਰਦਾ ਹੈ, ਇਨਸਾਨ ਨੂੰ ਬੇਸ਼ਕ ਉਸ ਵਕਤ ਉਹ ਚੰਗਾ ਨਹੀ ਲਗਦਾ ,ਮਾੜਾ ਵਕਤ ਮੇਰੇ ਲਈ ਵੀ ਸ਼ਾਇਦ ਚੰਗੇ ਲਈ ਹੀ ਆਇਆ ਹੋਵੇਗਾ ਜਿਸ ਨੇ ਮੈਨੂੰ ਜਿੰਦਗੀ ਦੀ ਕੌੜੀ ਸਚਾਈ ਤੋ ਵਾਕਫ ਕਰਵਾ ਦਿੱਤਾ/ਭਾਂਵੇ ਕਿ ਇਸ ਮਾੜੇ ਦੌਰ ਚ ਮੈ ਬਹੁਤ ਕੁੱਝ ਗੁਆ ਬੈਠਾ,ਪਰ ਪਾਇਆ ਵੀ ਬਹੁਤ ਕੁੱਝ/ਜੋ ਪਾਇਆ ਉਸ ਵਿਚ ਸਭ ਤੋ ਚੰਗਾ ਇਹ ਪਾਇਆ ਕਿ ਮੈ ਪਰਮਾਤਮਾ ਨਾਲ ਜੁੜ ਕਿ ਪੰਜ ਬਾਣੀਆਂ ਸਣੇ ਬਾਕੀ ਪਾਠ ਕਰਨੇ ਸਿੱਖ ਲਏ ਜੋ ਯੂਨੀਵਰਸਿਟੀ ਚ ਪੜਦੇ ਵਕਤ ਸਮੇ ਤੋ ਬਾਦ ਫਿਰ ਸ਼ਾਇਦ ਮੈ ਕਦੇ ਨਾ ਕੀਤੇ ਹੋਣ,ਸੁਣਿਆ ਹੈ ਕਿ ਮਾੜੇ ਸਮੇ ਚ ਬੰਦਾ ਰੱਬ ਦੇ ਜਿਆਦਾ ਨੇੜੇ ਚਲਾ ਜਾਂਦਾ ਕਿਉਕਿ ਉਸ ਸਮੇ ਉਸ ਨੂੰ ਹੌਸਲੇ ਦੀ ਲੋੜ ਹੁੰਦੀ ਹੈ ਜੋ ਗੁਰਬਾਣੀ ਤੋ ਇਲਾਵਾ ਹੋਰ ਕਿਤੋ ਨਹੀ ਮਿਲਦਾ, ਮਾੜੇ ਵਕਤ ਚ ਸਭ ਪਰਾਏ ਹੋ ਜਾਂਦੇ ਹਨ, ਇਥੋ ਤੱਕ ਕਿ ਰਿਸ਼ਤੇਦਾਰ, ਸੱਜਣ ਮਿੱਤਰ ਤੇ ਯਾਰ ਦੋਸਤ ਸਭ ਪਾਸਾ ਵੱਟ ਜਾਂਦੇ ਹਨ ਉਸ ਵਕਤ ਸਿਰਫ ਤੇ ਸਿਰਫ ਤੁਹਾਡਾ ਪਰਵਾਰ ਜਾ ਫਿਰ ਵਾਹਿਗੁਰੂ ਤੁਹਾਡੇ ਨਾਲ ਖੜਦਾ ਹੈ, ਹਾਲਾ ਕਿ ਇਹ ਇਕ ਸੱਚ ਹੈ ਕਿ ਵਕਤ ਚੰਗੇ ਹੋਵੇ ਚਾਹੇ ਮਾੜਾ ਉਹ ਗੁਜਰ ਹੀ ਜਾਣਾ ਹੁੰਦਾ ਹੈ/ ਪਰ ਪਤਾ ਨਹੀ ਕਿਉ , ਮਨੁੱਖੀ ਸੁਭਾਆ ਔਖੇ ਵੇਲੇ ਸਾਥ ਛੱਡਣ ਦਾ ਆਦੀ ਹੈ/ਏਸੇ ਲਈ ਬਹੁਤੇ ਲੋਕਾਂ ਦੀ ਫਿਤਰਤ ਔਖੇ ਵੇਲੇ ਸਾਥ ਛੱਡਣਾ ਹੈ ,ਪਰ ਜਦੋ ਕਿਸੇ ਇਨਸਾਨ ਤੇ ਆਇਆ ਮਾੜਾ ਵਕਤ ਗੁਜਰ ਜਾਂਦਾ ਹੈ ਤਾ ਉਸ ਨੂੰ ਮਾੜੇ ਵਕਤ ਚ ਸਾਥ ਨਾ ਦੇਣ ਵਾਲਿਆਂ ਚੋਂ ਸਭ ਤੋ ਵੱਧ ਹਿਰਖ ਆਪਣਿਆ ਤੇ ਹੁੰਦਾ ,ਜੋ ਹੋਣਾ ਲਾਜਮੀ ਵੀ ਹੈ,ਅਗਰ ਮਾੜੇ ਵਕਤ ਚ ਤੁਸੀ ਕਿਸੇ ਨੂੰ ਹੌਸਲੇ ਦੇ ਦੋ ਸ਼ਬਦ ਇਹ ਆਖ ਕਿ ਬੋਲ ਦੇਵੋ ਕਿ, ÷ਘਬਰਾਉਣਾ ਨਹੀ, ਮੈ ਤੇਰੇ ਨਾਲ ਹਾਂ !÷ਤਾ ਇਹ ਲਫਜ ਉਸ ਲਈ ਰੱਬ ਤੇ ਕੀਤੇ ਵਿਸ਼ਵਾਸ਼ ਵਾਂਗ ਹੁੰਦੇ ਹਨ ਜੀ ! ਗੱਲ ਕਰ ਰਿਹਾ ਸੀ ਕਿ ਮਾੜੇ ਸਮੇ ਚ ਬਹੁਤੇ ਲੋਕਾਂ ਨੇ ਮੇਰਾ ਸਾਥ ਛੱਡ ਦਿੱਤਾ ਮੇਰੇ ਤੇ ਮੇਰੇ ਪਰਵਾਰ ਤੋ ਪਾਸਾ ਵਟ ਲਿਆ, ਸਿਰਫ ਏਸ ਕਰਕੇ ਕਿ ਸ਼ਾਇਦ ਸਾਡਾ ਵੀ ਕੋਈ ਨੁਕਸਾਨ ਨਾ ਹੋ ਜਾਵੇ ਜਾਂ ਸਾਨੂੰ ਕੋਈ ਵਗਾਰ ਨਾ ਪਾ ਦੇਵੇ/ਪਰ ਕੁੱਝ ਇਕ ਨੇ ਡਟ ਕਿ ਸਾਥ ਵੀ ਦਿੱਤਾ, ਮੈਨੂੰ ਹੋਸਲਾ ਦਿੰਦੇ ਰਹਿਣ ਦੇ ਨਾਲ ਨਾਲ ਉਨਾ ਮੇਰੀ ਮਾੜੇ ਵਕਤ ਚ ਹਰ ਸੰਭਵ ਮਦੱਤ ਵੀ ਕੀਤੀ /ਇਹ ਦੋਵੇ ਪੱਖ ਮੈਨੂੰ ਸਾਇਦ ਕਦੇ ਭੁੱਲ ਨਾ ਸਕਣ/ ਇਹ ਮੇਰੀ ਜਿੰਦਗੀ ਦਾ ਹਿੱਸਾ ਬਣ ਮੇਰੇ ਜਿਹਨ ਚ ਰਹਿਣਗੇ/

ਰੱਬ ਰਾਖਾ !ਬਾਕੀ ਅਗਲੀ ਲਿਖਤ ਚ....

**ਅਜੀਤ ਖੰਨਾ(ਲੈਕਚਰਾਰ)**
**ਐਮ.ਏ.ਐਮ.ਫਿਲ.(ਇਤਿਹਾਸ)ਮਾਸਟਰ ਆਫ ਜਨਰਲਿਜਮ ਐਂਡ ਮਾਸ ਕਾਮਨੀਕੇਸ਼ਨ,ਬੀ.ਐੱਡ.**
**ਮੋਬਾਇਲ:85448-54669**

ਲੇਖਕ ਆਪਣੀਆਂ ਰਚਨਾਵਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਮੋਬਾਇਲ ਨੰਬਰ 79860-87886'ਤੇ ਸੰਪਰਕ ਕਰਨ।

ਰੋਜ਼ਾਨਾ ਆਜ਼ਾਦ ਸੋਚ 'ਚ ਛਪਣ ਵਾਲੀ ਲੇਖ ਸਮਗਰੀ ਲੇਖਕਾਂ ਦੇ ਨਿਜੀ ਵਿਚਾਰ ਹੁੰਦੇ ਹਨ। ਇੰਨਾਂ ਨਾਲ ਅਖਬਾਰ ਦਾ ਕੋਈ ਲੈਣਾ ਦੇਣਾ ਨਹੀਂ ਹੈ। ਪਾਠਕ ਸਾਹਿਬਾਨ ਨੋਟ ਕਰਨ। ਪ੍ਰਕਾਸ਼ਤ ਸਮੱਗਰੀ ਬਾਰੇ ਕੋਈ ਵੀ ਇਤਰਾਜ਼ ਸਬੰਧਤ ਲੇਖਕ ਕੋਲ ਹੀ ਉਠਾਇਆ ਜਾਵੇ। - ਸੰਪਾਦਕ

# ਮਾਊਂਟ ਲਿਟਰਾ ਜੀ ਸਕੂਲ ਰਾਮਪੁਰਾ ਵਿਖੇ ਮਾਂ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ



**ਆਜ਼ਾਦ ਸੋਚ, ਰਜਨੀਸ਼ ਕਰਕਰਾ, ਰਾਮਪੁਰਾ ਫੂਲ, 11 ਮਈ :**

==============

ਮਾਊਂਟ ਲਿਟਰਾ ਜੀ ਸਕੂਲ, ਰਾਮਪੁਰਾ, ਜੋ ਕਿ ਸੀ.ਬੀ.ਐਸ.ਈ. ਦਿੱਲੀ ਨਾਲ ਜੁੜਿਆ ਹੋਇਆ ਹੈ, ਬੱਚਿਆਂ ਵਿੱਚ ਨਵਾਂ ਉਤਸਾਹ ਅਤੇ ਨਵੀਂ ਚੇਤਨਾ ਲਿਆਉਣ ਲਈ ਹਰ ਰੋਜ ਕੋਈ ਨਾ ਕੋਈ ਗਤੀਵਿਧੀ ਕਰਵਾਉਂਦੀ ਹੈ ਤਾਂ ਜੋ ਬੱਚਿਆਂ ਵਿੱਚ ਛੁਪੀ ਹੋਈ ਕਾਬਲੀਅਤ ਨੂੰ ਬਾਹਰ ਲਿਆਂਦਾ ਜਾ ਸਕੇ ਅਤੇ ਉਹ ਅੱਗੇ ਵਧ ਸਕਣ ਜੀਵਨ ਦਾ ਰਾਹ. ਇਸ ਦੇ ਚਲਦਿਆਂ ਸਕੂਲ ਵਿੱਚ ਗਿਆਰਵੀਂ ਜਮਾਤ ਲਈ ਵਿਸੇਸ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸਵੇਰ ਦੀ ਪ੍ਰਾਰਥਨਾ, ਜੀ ਗੀਤ, ਸਹੁੰ, ਦਿਨ ਦਾ ਵਿਚਾਰ ਅਤੇ ਮਾਂ ਦਿਵਸ ਨਾਲ ਸਬੰਧਤ ਪੰਜਾਬੀ ਸਕਿੱਟ ਪੇਸ ਕੀਤੀ ਗਈ। ਦੂਜੇ ਪਾਸੇ ''ਪੰਜਾਬੀ ਖੇਡ'' ਮੁਕਾਬਲਾ ਕਰਵਾਇਆ ਗਿਆ, ਜੋ ਚਾਰ ਹਾਊਸਾਂ ਵਿਚਕਾਰ ਸੀ। ਇਸ ਮੁਕਾਬਲੇ ਦੌਰਾਨ ਸਾਰੇ ਬੱਚਿਆਂ ਨੇ ਆਪਣੇ ਮਾਤਾ-ਪਿਤਾ ਦੀ ਮਹੱਤਤਾ ਅਤੇ ਉਨ੍ਹਾਂ ਦਾ ਸਤਿਕਾਰ ਕਰਨਾ ਸਿੱਖਿਆ। ਸਾਰਿਆਂ ਨੇ ਭਾਗ ਲੈਣ ਵਾਲਿਆਂ ਨੂੰ ਲਗਾਤਾਰ ਉਤਸਾਹਿਤ ਕੀਤਾ ਅਤੇ ਉਨ੍ਹਾਂ ਨੂੰ ਸਕਾਰਾਤਮਕ ਤੌਰ 'ਤੇ ਪ੍ਰੇਰਿਤ ਕੀਤਾ। ਉਨ੍ਹਾਂ ਨੇ ਹਰ ਪ੍ਰਤੀਯੋਗੀ ਨੂੰ ਹੌਂਸਲੇ ਅਤੇ ਉਤਸਾਹ ਨਾਲ ਭਰਨ ਲਈ ਪ੍ਰਸ਼ੰਸਾ ਕੀਤੀ, ਜਿਸ ਨਾਲ ਸਕੂਲ ਦੇ ਹਰ ਕੋਨੇ ਤੋਂ ਊਰਜਾ ਦੀ ਲਹਿਰ ਵਹਿ ਰਹੀ ਹੈ। ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀ ਆਪਣੀ ਸਾਨਦਾਰ ਪੇਸਕਾਰੀ ਲਈ ਇੱਕ ਦੂਜੇ ਦੀ ਤਾਰੀਫ ਕਰਦੇ ਰਹੇ, ਜਿਸ ਵਿੱਚ ਵਿਦਿਆਰਥੀਆਂ ਨੇ ਪ੍ਰੌਪਸ ਦੀ ਮਦਦ ਨਾਲ ਆਪਣੇ ਨਾਟਕਾਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਪੇਸ ਕੀਤਾ, ਉੱਥੇ ਬੈਠੇ ਸਾਰੇ ਲੋਕ ਉਨ੍ਹਾਂ ਬੱਚਿਆਂ ਦੀ ਪੇਸਕਾਰੀ ਨੂੰ ਦੇਖ ਕੇ ਖੁਸ ਹੋ ਗਏ ਭਾਵਨਾਤਮਕ , ਇਸ ਮੁਕਾਬਲੇ ਨੂੰ ਸਫਲ ਬਣਾਉਣ ਲਈ ਬੱਚਿਆਂ ਨੇ ਆਪਣਾ ਭਰਪੂਰ ਯੋਗਦਾਨ ਦਿੱਤਾ। ਇਸ ਮੁਕਾਬਲੇ ਵਿੱਚ ਆਈਨਸਟਾਈਨ ਹਾਊਸ ਨੇ ਪਹਿਲਾ, ਕੋਲੰਬਸ ਹਾਊਸ ਨੇ ਦੂਜਾ ਅਤੇ ਦਾ-ਵਿੰਚੀ ਹਾਊਸ ਨੇ ਤੀਜਾ ਸਥਾਨ ਹਾਸਲ ਕਰਕੇ ਇਸ ਦਿਨ ਨੂੰ ਹੋਰ ਵੀ ਖੁਸਨੁਮਾ ਬਣਾ ਦਿੱਤਾ। , ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਅਤੇ ਪ੍ਰਿੰਸੀਪਲ ਸ੍ਰੀਮਤੀ ਗੀਤਾ ਪਿੱਲੇ ਨੇ ਦਿਨ ਦੀ ਸਮਾਪਤੀ ਦਾ ਜੋਰਦਾਰ ਭਾਸਣ ਦਿੱਤਾ, ਜਿਸ ਵਿੱਚ ਉਨ੍ਹਾਂ ਸਾਰਿਆਂ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਉਤਸਾਹ ਅਤੇ ਸੰਘਰਸ ਦੀ ਸਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਗਲੇ ਕਦਮਾਂ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਵਿੱਚ ਆਤਮਵਿਸਵਾਸ ਭਰਿਆ। ਸਕੂਲ ਦੇ ਇਸ ਸਮਾਗਮ ਨੇ ਇੱਕ ਸੱਚੀ ਤਿਉਹਾਰ ਦੀ ਭਾਵਨਾ ਅਤੇ ਅਮੀਰੀ ਦਾ ਪ੍ਰਗਟਾਵਾ ਕੀਤਾ।

# ਵਿਸਵ ਸਾਂਤੀ ਲਈ ਮਿਸਨ ਨੂੰ ਘਰ ਘਰ ਪਹੁੰਚਾਉਣਾ ਜਰੂਰੀ : ਦਰਦੀ

**ਆਜ਼ਾਦ ਸੋਚ, ਪਟਿਆਲਾ, 11 ਮਈ :**

==============

ਸ੍ਰੀ ਗੁਰੂ ਹਰਕਿਸਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਸੇਰੇ ਪੰਜਾਬ ਮਾਰਕਿਟ ਪਟਿਆਲਾ ਵਿਖੇ ਵਿਦਿਆਰਥੀਆਂ, ਅਧਿਆਪਕਾਂ ਅਤੇ ਉਨ੍ਹਾਂ ਰਾਹੀਂ ਮਾਪਿਆਂ ਨੂੰ ਜਾਗਰੂਕ ਕਰਨ ਲਈ ਭਾਈ ਘਨ੍ਹਈਆ ਜੀ, ਸਵਿਟਜਰਲੈਂਡ ਦੇ ਵਾਸੀ ਸਰ ਜੀਨ ਹੈਨਰੀ ਡਿਊਨਾ ਅਤੇ ਫਲੋਰੈਂਸ ਨਾਈਟਿੰਗੇਲ ਦੇ ਯਤਨਾਂ, ਵਿਚਾਰਾਂ ਰਾਹੀਂ ਸੈਨਿਕਾਂ ਨਾਗਰਿਕਾਂ ਅਤੇ ਸਰਬੱਤ ਦੇ ਭਲੇ, ਮਾਨਵਤਾ ਨੂੰ ਪ੍ਰੇਮ, ਹਮਦਰਦੀ, ਨਿਮਰਤਾ, ਸਹਿਣਸੀਲਤਾ ਰਾਹੀਂ ਸਨਮਾਨ, ਖੁਸੀਆਂ,ਇੱਜਤ, ਦੇਣ ਦੀਆਂ ਭਾਵਨਾਵਾਂ ਉਤਸਾਹਿਤ ਹੋਈਆਂ ਹਨ। ਇਹ ਵਿਚਾਰ ਪ੍ਰਗਟ ਕਰਦੇ ਹੋਏ ਸਕੂਲ ਦੇ ਡਾਇਰੈਕਟਰ ਸ੍ਰੀਮਤੀ ਜਸਵਿੰਦਰ ਕੌਰ ਦਰਦੀ ਨੇ ਦੱਸਿਆ ਕਿ ਜੰਗ ਦੇ ਮੈਦਾਨ ਵਿੱਚ ਚਲਦੀਆਂ ਗੋਲੀਆਂ, ਤੀਰ ਤਲਵਾਰਾਂ ਘੋੜਿਆਂ ਅਤੇ ਹਾਥੀਆਂ ਵਲੋਂ ਕੀਤੀ ਜਾ ਰਹੀ ਦੁਸਮਣਾਂ ਦੀ ਤਬਾਹੀ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਸੀਰਵਾਦ ਸਦਕਾ ਭਾਈ ਘਨ੍ਹਈਆ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਬਿਨਾਂ ਭੇਦਭਾਵ ਜਖਮੀ ਸੈਨਿਕਾਂ ਦੀ ਸੇਵਾ ਸੰਭਾਲ ਅਤੇ ਕੀਮਤੀ ਜਾਨਾਂ ਬਚਾਉਣ ਲਈ ਪਾਣੀ, ਭੋਜਨ ਅਤੇ ਮਲ੍ਹਮ ਪੱਟੀਆਂ ਦੇ ਮਹਾਨ ਕਾਰਜਾਂ ਰਾਹੀਂ ਮਾਨਵਤਾ ਨੂੰ ਬਚਾਉਣ ਲਈ ਮਿਸਨ ਸੰਸਾਰ ਨੂੰ ਦਿੱਤੇ ਸੀ। ਉਨ੍ਹਾਂ ਨੇ ਕਿਹਾ ਕਿ ਦੁਨੀਆਂ ਵਿੱਚ ਇਸ ਤਰ੍ਹਾਂ ਦੀ ਨਿਸਕਾਮ ਸੇਵਾ ਸੰਭਾਲ, ਇਨਸਾਨੀਅਤ ਪ੍ਰਤੀ ਪ੍ਰੇਮ, ਹਮਦਰਦੀ, ਸਬਰ ਸਾਂਤੀ ਦੀ ਮਿਸਾਲ ਨਹੀਂ ਮਿਲਦੀ। ਇਸ ਮੌਕੇ ਭਾਰਤੀਆਂ ਰੈੱਡ ਕਰਾਸ ਸੁਸਾਇਟੀ ਦੇ ਪੈਟਰਨ ਸ੍ਰੀ ਭਗਵਾਨ ਦਾਸ ਗੁਪਤਾ ਨੇ ਦੱਸਿਆ ਕਿ ਸਾਲਫਰੀਨੋ ਦੀ ਜੰਗ ਸਮੇਂ ਜਖਮੀ ਸੈਨਿਕਾਂ ਦੀ ਸੇਵਾ ਸੰਭਾਲ ਕਰਕੇ, ਸਰ ਜੀਨ ਹੈਨਰੀ ਡਿਊਨਾ ਨੇ ਕਿਹਾ ਸੀ ਕਿ ਮਾਨਵਤਾ ਨੂੰ ਪ੍ਰੇਮ ਕਰਨ ਵਾਲੇ ਜੰਗਾਂ, ਮਹਾਂਮਾਰੀਆਂ, ਆਫਤਾਵਾਂ ਸਮੇਂ ਪੀੜਤਾਂ ਨੂੰ ਬਚਾਉਣ ਲਈ ਹਮੇਸਾ ਸਿਖਿਅਤ ਹੋਕੇ ਯਤਨ ਕਰਦੇ ਰਹਿਣ। ਜਾਨੇਵਾ ਸੰਧੀਆਂ ਅਨੁਸਾਰ ਰੈੱਡ ਕਰਾਸ ਝੰਡੇ ਅਤੇ ਨਿਸਾਨ ਵਾਲੀਆਂ ਇਮਾਰਤਾਂ ਗੱਡੀਆਂ ਤੇ ਕੋਈ ਵੀ ਦੁਸਮਣ ਅਤੇ ਅੱਤਵਾਦੀ ਹਮਲੇ ਨਹੀ ਕਰਦੇ। ਉਨ੍ਹਾਂ ਨੇ ਦੱਸਿਆ ਕਿ ਜਾਨੇਵਾ ਸੰਧੀਆਂ ਅਨੁਸਾਰ ਕੈਦੀ ਸੈਨਿਕਾਂ ਦੀ ਸੁਰੱਖਿਆ ਸੇਵਾ ਸੰਭਾਲ ਭੋਜਨ ਦਵਾਈਆਂ ਅਤੇ ਰਿਹਾਈ ਦੀ ਜੁਮੇਵਾਰੀ ਰੈੱਡ ਕਰਾਸ ਵੰਲਟੀਅਰਾਂ ਅਧੀਨ ਹੁੰਦੀ ਹੈ।

# ਕੌਂਸਲਰ ਊਸਾ ਮੱਗੋ ਅਤੇ ਸੰਜੇ ਮੱਗੋ ਦੀ ਅਗਵਾਈ ਵਿੱਚ ਵਾਰਡ ਨੰਬਰ 13 ਵਿਖੇ ਡਾਕਟਰ ਬਲਬੀਰ ਸਿੰਘ ਦੇ ਹੱਕ ਵਿੱਚ ਕੀਤਾ ਚੋਣ ਪ੍ਰਚਾਰ



**ਆਜ਼ਾਦ ਸੋਚ, ਸੁਨੀਤਾ ਰਾਣੀ, ਨਾਭਾ 11 ਮਈ :**

==============

ਲੋਕ ਸਭਾ ਹਲਕਾ ਪਟਿਆਲਾ ਦੇ ਸਰਬਪੱਖੀ ਵਿਕਾਸ ਕਾਰਜਾਂ ਲਈ ਉਹ ਵਚਨਬੱਧ ਹਨ ਤੇ ਲੋਕਾਂ ਨੂੰ ਲੋਕ ਭਲਾਈ ਸਕੀਮਾਂ ਦਾ ਲਾਭ ਪੁਜਦਾ ਕਰਨ ਲਈ ਉਹ ਦ੍ਰਿੜ ਸੰਕਲਪ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ ਬਲਬੀਰ ਸਿੰਘ ਨੇ ਹਲਕਾ ਨਾਭਾ ਦੇ ਵਾਰਡ ਨੰਬਰ 13 ਵਿਖੇ ਸੀਨੀਅਰ ਕੌਂਸਲਰ ਊਸਾ ਮੱਗੋ ਅਤੇ ਉਨ੍ਹਾਂ ਦੇ ਸਪੁੱਤਰ ਸੰਜੇ ਮੱਗੋ ਵੱਲੋ ਕੀਤੀ ਗਈ ਚੋਣ ਮੀਟਿੰਗ ਦੌਰਾਨ ਪ੍ਰਗਟਾਏ। ਉਨ੍ਹਾਂ ਮੀਟਿੰਗ ਵਿੱਚ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਸਹੂਲਤਾਂ ਦੇਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਸ ਤੋਂ ਪੰਜਾਬ ਦੀ ਜਨਤਾ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਨਾਲ ਜੁੜ ਰਹੀ ਹੈ। ਉਨ੍ਹਾਂ ਵਾਰਡ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣਾ ਇੱਕ ਇੱਕ ਵੋਟ ਆਮ ਆਦਮੀ ਪਾਰਟੀ ਨੂੰ ਦੇਖ ਕ ਕਾਮਯਾਬ ਕਰੋ ਤਾਂ ਕਿ ਹਲਕਾ ਪਟਿਆਲਾ ਦੇ ਵਿਕਾਸ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੇ। ਉਹਨਾਂ ਕਿਹਾ ਕਿ ਮੈਂਬਰ ਪਾਰਲੀਮੈਂਟ ਮਹਾਰਾਣੀ ਪਰਨੀਤ ਕੌਰ ਕਿਸ ਮੂੰਹ ਨਾਲ ਵੋਟਾਂ ਮੰਗ ਰਹੀ। ਉਸ ਨੇ ਆਪਣੇ ਪੰਜ ਸਾਲ ਦੇ ਸਾਸਨ ਕਾਲ ਦੌਰਾਨ ਜਿ?ਲ੍ਹਾ ਪਟਿਆਲੇ ਲਈ ਕੁਝ ਨਹੀਂ ਕੀਤਾ ਅਤੇ ਨਾ ਹੀ ਪਰਨੀਤ ਕੌਰ ਲੋਕਾਂ ਨਾਲ ਮੁਲਾਕਾਤ ਕਰਦੀ। ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ, ਸ੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦਾ ਵਜੂਦ ਖਤਮ ਹੋ ਚੁੱਕਿਆ ਹੈ। ਜਿਸ ਨੂੰ ਵੇਖਦੇ ਹੋਏ ਪੰਜਾਬ ਦੀ ਜਨਤਾ ਇਹਨਾਂ ਪਾਰਟੀਆਂ ਨੂੰ ਮੂੰਹ ਤੱਕ ਨਹੀਂ ਲਗਾਵੇਗੀ। ਇਸ ਮੌਕੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਅਤੇ ਸਰਬਪੱਖੀ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਜਿਸ ਦੇ ਚੱਲਦਿਆਂ ਲੋਕ ਸਭਾ ਪਟਿਆਲਾ ਅੰਦਰ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਹਲਕੇ ਦਾ ਸਰਬਪੱਖੀ ਵਿਕਾਸ ਕਰਨਾ ਉਨਾਂ ਦੀ ਪਹਿਲੀ ਤਰਜੀਹ ਹੈ । ਉਨ੍ਹਾਂ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣਾ ਇੱਕ ਇਕ ਵੋਟ ਉਮੀਦਵਾਰ ਡਾਕਟਰ ਬਲਬੀਰ ਸਿੰਘ ਨੂੰ ਪਾ ਕੇ ਕਾਮਯਾਬ ਕਰੀਏ ਅਤੇ ਉਹਨਾਂ ਨੂੰ ਪਾਰਲੀਮੈਂਟ ਵਿੱਚ ਭੇਜਿਆ ਜਾਵੇ। ਇਸ ਮੌਕੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਊਸਾ ਮੱਗੋ ਅਤੇ ਸੰਜੇ ਮੱਗੋ ਨੇ ਉਮੀਦਵਾਰ ਡਾਕਟਰ ਬਲਬੀਰ ਸਿੰਘ ਅਤੇ ਵਿਧਾਇਕ ਦੇਵ ਮਾਨ ਨੂੰ ਫੁੱਲਾਂ ਦੇ ਹਾਰ ਭੇਟ ਕਰਕੇ ਭਰਵਾਂ ਸਵਾਗਤ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਸਹਿਰੀ ਬਲਾਕ ਪ੍ਰਧਾਨ ਅਸੋਕ ਅਰੋੜਾ, ਨਗਰ ਕੌਂਸਲ ਨਾਭਾ ਪ੍ਰਧਾਨ ਸੁਜਾਤਾ ਚਾਵਲਾ, ਦੀਪਕ ਨਾਗਪਾਲ, ਗੌਤਮ ਬਾਤਿਸ, ਮਾਨਟੂ ਪਾਹੂਜਾ, ਨਰਿੰਦਰਜੀਤ ਸਿੰਘ ਭਾਟੀਆ ਹਾਜਰ ਸਨ।

# ਦਿੱਲੀ ਦੀ ਮੁਟਿਆਰ ਨੇ ਲਹਿਰੇ ਰੇਲ ਗੱਡੀ ਥੱਲੇ ਆ ਕੇ ਕੀਤੀ ਖੁਦਕਸੀ

**ਅਜਾਦ ਸੋਚ, ਸੰਭੂ ਗੋਇਲ, ਲਹਿਰਾਗਾਗਾ, 11 ਮਈ :**

==============

ਦਿੱਲੀ ਦੀ ਰਹਿਣ ਵਾਲੀ ਇੱਕ ਮੁਟਿਆਰ ਨੇ ਇੱਥੇ ਮਾਲ ਗੱਡੀ ਅੱਗੇ ਛਾਲ ਮਾਰ ਕੇ ਖੁਦਕਸੀ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਜਾਣਕਾਰੀ ਅਨੁਸਾਰ ਦਿੱਲੀ ਦੀ ਰਹਿਣ ਵਾਲੀ ਮੁਟਿਆਰ ਨਿਸਾ ਵਰਮਾ ਨੇ ਰੇਲਵੇ ਬੁਰਜੀ ਨੰਬਰ 111/3-4 ਨੇੜੇ ਬਿਜਲੀ ਗਰਿੱਡ ਰੇਲਵੇ ਸਟੇਸਨ ਲਹਿਰਾਗਾਗਾ ਕੋਲ ਮਾਲ ਗੱਡੀ ਹੇਠਾ ਆ ਕੇ ਖੁਦਕਸੀ ਕਰ ਲਈ ਹੈ। ਮਾਲ ਗੱਡੀ ਦੇ ਡਰਾਈਵਰ ਨੇ ਇਸ ਦੀ ਸੂਚਨਾ ਸਟੇਸਨ ਮਾਸਟਰ ਨੂੰ ਦਿੱਤੀ। ਜਿਸ ਦੇ ਚਲਦਿਆਂ ਥਾਣੇਦਾਰ ਜਗਵਿੰਦਰ ਸਿੰਘ



ਇੰਚਾਰਜ ਰੇਲਵੇ ਪੁਲਿਸ ਲਹਿਰਾਗਾਗਾ ਨੇ ਮੌਕੇ ਤੇ ਪਹੁੰਚ ਕੇ ਲਾਸ ਨੂੰ ਕਬਜੇ ਵਿੱਚ ਲੈ ਕੇ ਮੋਰਚਰੀ ਵਿਚ ਰੱਖ ਤਫਤੀਸ ਸੁਰੂ ਕਰ ਦਿੱਤੀ। ਵੱਡੀ ਮਿਹਨਤ ਸਦਕਾ ਮਿਰਤਕਾ ਦੇ ਵਾਰਸਾ ਦਾ ਪਤਾ ਕੀਤਾ। ਜਿਸ ਦੇ ਚਲਦਿਆਂ ਮ੍ਰਿਤਕਾ ਦੀ ਪਹਿਚਾਣ ਨਿਸ਼ਾ ਵਰਮਾ ਵਾਸੀ ਦਿੱਲੀ ਵਜੋਂ ਹੋਈ। ਇਸ ਉਪਰੰਤ ਨਿਸਾ ਬਰਮਾ ਦੇ ਵਾਰਸ ਇੱਥੇ ਪਹੁੰਚੇ। ਮ੍ਰਿਤਕਾ ਦੇ ਪਰਿਵਾਰ ਤੇ ਲੜਕੇ ਪ੍ਰਾਨੇ ਵਰਮਾ ਵਾਸੀ ਦਿੱਲੀ ਦੇ ਬਿਆਨ ਮੁਤਾਬਕ ਕਾਰਵਾਈ 174 ਦੀ ਕਾਰਵਾਈ ਅਮਲ ਵਿੱਚ ਲਿਆਂਦੀ ਅਤੇ ਲਾਸ ਦਾ ਸਿਵਲ ਹਸਪਤਾਲ ਮੂਣਕ ਤੋ ਪੋਸਟਮਾਰਟਮ ਕਰਵਾਕੇ ਲਾਸ ਨੂੰ ਅੰਤਿਮ ਰਸਮਾਂ ਲਈ ਉਸਦੇ ਪਰਿਵਾਰ ਦੇ ਹਵਾਲੇ ਕਰ ਦਿੱਤਾ।

# ਕਿਸਾਨੀ ਨੂੰ ਸਮਾਜ ਦਾ ਸਾਥ ਮਿਲਣਾ ਜ਼ਰੂਰੀ



**ਕਮਲ ਬਰਾੜ**

ਸਮੇਂ ਨਾਲ ਬਦਲੇ ਸਮਾਜਿਕ ਮਾਹੌਲ ਵਿਚ ਜਿਥੇ ਕਿਸਾਨਾਂ ਦੀ ਸਥਿਤੀ ਤਰਸਯੋਗ ਹੁੰਦੀ ਜਾ ਰਹੀ ਹੈ, ਉਥੇ ਸਰਕਾਰੀ ਅਣਡਿੱਠਤਾ ਕਾਰਨ ਕਿਸਾਨ ਖੁਦ ਨੂੰ ਖੇਤੀਬਾੜੀ ਤੋਂ ਦੂਰ ਕਰਦੇ ਜਾ ਰਹੇ ਹਨ। ਇਹ ਇਕ ਚਿੰਤਾਜਨਕ ਵਿਸ਼ਾ ਹੈ। ਜਿਥੇ ਖੇਤੀਬਾੜੀ ਦਾ ਘਟਦਾ ਰਕਬਾ ਇਕ ਵੱਡਾ ਸਵਾਲ ਹੈ, ਉਥੇ ਵਧਦੀ ਲਾਗਤ ਤੇ ਫਸਲ ਦੀ ਘਟਦੀ ਕੀਮਤ ਕਾਰਨ ਬਦਹਾਲ ਕਿਸਾਨ ਹੈਰਾਨ-ਪ੍ਰੇਸ਼ਾਨ ਹੈ। ਹਾਲਾਤ ਕੁਝ ਅਜਿਹੇ ਹਨ ਕਿ ਖੁਦ ਨੂੰ ਖਤਰੇ ਵਿਚ ਦੇਖ ਕੇ ਕਿਸਾਨ ਖੁਦਕੁਸ਼ੀ ਦਾ ਰਾਹ ਅਪਣਾ ਕੇ ਮੁਕਤੀ ਪਾਉਣੀ ਚਾਹੁੰਦਾ ਹੈ। ਅੱਜ ਜਿਥੇ ਨਵੀਂ ਪੀੜ੍ਹੀ ਖੇਤੀ ਦੀ ਬਜਾਏ ਸ਼ਹਿਰਾਂ ਵੱਲ ਰੁਖ਼ ਕਰਕੇ ਮਜ਼ਦੂਰੀ ਨੂੰ ਬਿਹਤਰ ਮੰਨਣ ਲੱਗੀ ਹੈ, ਉਥੇ ਹੀ ਜ਼ਮੀਨ ਦੇ ਮੋਹ ਵਿਚ ਫਸਿਆ ਲਾਚਾਰ ਕਿਸਾਨ ਕਦੇ ਬਰਸਾਤ ਤਾਂ ਕਦੇ ਸੋਕੇ ਦੀ ਮਾਰ ਝੱਲ ਰਿਹਾ ਹੈ। ਕਦੇ ਭਰਪੂਰ ਫਸਲ ਹੋਣ 'ਤੇ ਢੁਕਵੀਂ ਕੀਮਤ ਨਾ ਮਿਲਣ ਤੇ ਪੁਰਾਣਾ ਕਰਜ਼ਾ ਨਾ ਮੋੜ ਸਕਣ ਕਾਰਨ ਘਬਰਾ ਕੇ ਕਿਸਾਨ ਖੁਦਕੁਸ਼ੀ ਨੂੰ ਹੀ ਸੌਖਾ ਰਾਹ ਮੰਨ ਰਿਹਾ ਹੈ। ਭਾਰਤੀ ਕਿਸਾਨ ਦੀ ਇਹ ਬਹੁਤ ਵੱਡੀ ਤ੍ਰਾਸਦੀ ਹੈ। ਕਿਸਾਨਾਂ ਦੇ ਨਾਂਅ 'ਤੇ ਸਿਆਸਤਦਾਨ ਸਿਆਸੀ ਰੋਟੀਆਂ ਸੇਕ ਰਹੇ ਹਨ। ਨੌਕਰਸ਼ਾਹਾਂ ਅਤੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੇ ਕੇ ਸਰਕਾਰਾਂ ਉਨ੍ਹਾਂ ਦੇ ਚਿਹਰਿਆਂ 'ਤੇ ਸ਼ਿਕਨ ਤੱਕ ਨਹੀਂ ਆਉਣ ਦਿੰਦੀਆਂ ਪਰ ਕਿਸਾਨ ਕਰਜ਼ੇ ਤੇ ਵਿਆਜ ਮੁਆਫ਼ੀ ਲਈ ਸੜਕਾਂ 'ਤੇ ਭੋਜਨ ਪਰੋਸ ਕੇ ਖਾਣ, ਤਪਦੇ ਅਸਮਾਨ ਹੇਠਾਂ ਨੰਗੇ ਧੜ ਅੰਦੋਲਨ ਕਰਨ ਅਤੇ ਪਾਣੀ ਵਿਚ ਗਲ ਤੱਕ ਡੁੱਬ ਕੇ ਜਲ ਸੱਤਿਆਗ੍ਰਹਿ ਕਰਨ ਵਰਗੇ ਮੁਸ਼ਕਿਲ ਫੈਸਲੇ ਲੈਣ ਲਈ ਮਜਬੂਰ ਹੈ। ਇਸ ਵਿਚ ਹੈਰਾਨ ਕਰਨ ਵਾਲਾ ਤੱਥ ਇਹ ਸੀ ਕਿ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਖੁਦਕੁਸ਼ੀ ਦਾ ਕਾਰਨ ਕਰਜ਼ਾ, ਕੰਗਾਲੀ ਤੇ ਖੇਤੀ ਨਾਲ ਜੁੜੀਆਂ ਦਿੱਕਤਾਂ ਹੀ ਸਨ। ਇਸ ਤੋਂ ਇਲਾਵਾ ਖੁਦਕੁਸ਼ੀਆਂ ਕਰਨ ਵਾਲੇ 73 ਫੀਸਦੀ ਕਿਸਾਨਾਂ ਕੋਲ 2 ਏਕੜ ਜਾਂ ਉਸ ਨਾਲੋਂ ਘੱਟ ਜ਼ਮੀਨ ਸੀ ਭਾਵ ਛੋਟਾ ਤੇ ਅਮਲੀ ਕਿਸਾਨ ਬੇਹੱਦ ਟੁੱਟਦਾ ਜਾ ਰਿਹਾ ਹੈ। ਕਿਸਾਨਾਂ ਨੂੰ ਲੈ ਕੇ ਲੋਕਾਂ ਵਿਚ ਸੰਵੇਦਨਾ ਜਗਾਉਣੀ ਪਵੇਗੀ। ਸਾਰੇ ਵਪਾਰਕ ਤੇ ਗ਼ੈਰ-ਸਰਕਾਰੀ ਸੰਗਠਨਾਂ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਕਿਸਾਨਾਂ ਨਾਲ ਜੁੜਨ, ਉਨ੍ਹਾਂ ਨੂੰ ਕਾਰੋਬਾਰ ਤੇ ਸਮਾਜ ਦਾ ਹਿੱਸਾ ਸਮਝਣ, ਤਾਂ ਹੀ ਟੁੱਟਦੇ ਜਾ ਰਹੇ ਕਿਸਾਨਾਂ ਨੂੰ ਨਵਾਂ ਮੰਚ ਮਿਲੇਗਾ। ਸਰਕਾਰੀ ਮਦਦ ਲਈ ਮੁਥਾਜ ਕਿਸਾਨ ਵੱਖ-ਵੱਖ ਸੰਗਠਨਾਂ ਦਾ ਸਾਥ ਮਿਲਣ ਨਾਲ ਮਾਨਸਿਕ ਤੌਰ 'ਤੇ ਮਜ਼ਬੂਤ ਹੋਵੇਗਾ, ਤਣਾਅ 'ਚੋਂ ਬਾਹਰ ਆਵੇਗਾ ਤੇ ਖੇਤੀਬਾੜੀ ਨੂੰ ਵਪਾਰਕ ਨਜ਼ਰੀਏ ਤੋਂ ਦੇਖੇਗਾ। ਇਸ ਦਾ ਫਾਇਦੇ ਜਿਥੇ ਉਸ ਦੀ ਜ਼ਿੰਦਗੀ ਬਚਾਉਣ ਵਿਚ ਮਿਲੇਗਾ, ਉਥੇ ਹੀ ਵਪਾਰਕ ਸੰਗਠਨ ਨਾਲ ਜੁੜੇ ਹੋਣ 'ਤੇ ਖੇਤੀ ਉਤਪਾਦਾਂ ਦੀ ਵਿਕਰੀ ਤੇ ਮਾਰਕੀਟਿੰਗ ਲਈ ਦੋਸਤਾਨਾ ਮਾਹੌਲ ਬਣੇਗਾ।




**-ਪਿੰਡ ਕੋਟਲੀ ਅਬਲੂ।**

# ਇੰਟਰਨੈਟ ਰਾਹੀਂ ਜਾਣਕਾਰੀ ਦਾ ਆਦਾਨ-ਪ੍ਰਦਾਨ ਕਿਸਾਨਾਂ ਲਈ ਲਾਹੇਵੰਦ

**ਜਸਪਾਲ ਸਿੰਘ ਢਿੱਲੋਂ**



ਇਸ ਵੇਲੇ ਆਧੁਨਿਕਤਾ ਹੁਣ ਹਰ ਖੇਤਰ 'ਚ ਦਾਖ਼ਲ ਹੋ ਚੁੱਕੀ ਹੈ, ਜਿਸ ਕਰ ਕੇ ਲੋਕ ਹੁਣ ਨਵੀਂ ਜਾਣਕਾਰੀ ਨੂੰ ਤਰਜੀਹ ਦੇਣ ਲੱਗੇ ਹਨ। ਇਸ ਦੌਰ ਅੰਦਰ ਬਹੁਤ ਸਾਰੇ ਅਗਾਂਹਵਧੂ ਕਿਸਾਨਾਂ ਨੇ ਇੰਟਰਨੈਟ ਸੇਵਾ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। ਬਹੁਤ ਸਾਰੇ ਪੜ੍ਹੇ ਲਿਖੇ ਕਿਸਾਨ ਇਸ ਸਬੰਧੀ ਇੰਟਰਨੈੱਟ ਤੋਂ ਮੌਸਮ ਦੀ ਜਾਣਕਾਰੀ ਨੂੰ ਕਾਫ਼ੀ ਤਰਜੀਹ ਦੇਣ ਲੱਗੇ ਹਨ। ਇਸ ਵੇਲੇ ਰਾਜ ਦੇ ਬਹੁਤ ਸਾਰੇ ਕਿਸਾਨਾਂ ਨੇ ਵੈਟਸਐਪ 'ਤੇ ਆਪੋ-ਆਪਣੇ ਸਮੂਹ ਬਣਾਏ ਹਨ ਤੇ ਉਹ ਆਪਸ ਵਿਚ ਗਿਆਨ ਦਾ ਅਦਾਨ-ਪ੍ਰਦਾਨ ਤੇ ਮੰਡੀਕਰਨ ਸਬੰਧੀ ਜਾਣਕਾਰੀ ਵੀ ਦੂਜੇ ਕਿਸਾਨਾਂ ਤੱਕ ਪਹੁੰਚਾਉਂਦੇ ਹਨ। ਰਾਜਮੋਹਨ ਸਿੰਘ ਕਾਲੇਕਾ: ਇਸ ਸਬੰਧੀ ਰਾਜ ਪੁਰਸਕਾਰ ਵਿਜੇਤਾ ਰਾਜਮੋਹਨ ਸਿੰਘ ਕਾਲੇਕਾ ਦਾ ਕਹਿਣਾ ਹੈ ਕਿ ਇੰਟਰਨੈੱਟ ਸੇਵਾ ਕਿਸਾਨਾਂ ਲਈ ਵਰਦਾਨ ਹੈ, ਕਿਉਂਕਿ ਕਿਸਾਨ ਘਰ ਬੈਠੇ ਹੀ ਕੌਮੀ ਪੱਧਰ 'ਤੇ ਜਾਣਕਾਰੀ ਲੈ ਸਕਦੇ ਹਨ ਜਿਹੜੇ ਕਿਸਾਨ ਆਲੂ ਤੇ ਸਬਜ਼ੀਆਂ ਦੀ ਖੇਤੀ ਕਰਦੇ ਹਨ, ਉਹ ਲੋਕ ਘਰ ਬੈਠੇ ਹੀ ਦੂਜੀਆਂ ਮੰਡੀਆਂ ਦਾ ਭਾਅ ਜਾਣ ਸਕਦੇ ਹਨ। ਸ੍ਰੀ ਕਾਲੇਕਾ ਨੇ ਦੱਸਿਆ ਕਿ ਮੌਸਮ ਦੇ ਮਾਮਲੇ 'ਚ ਕਈ ਵਾਰ ਦਿੱਤੀ ਜਾਣਕਾਰੀ ਸਹੀ ਨਹੀਂ ਨਿਕਲਦੀ ਪਰ ਮੰਡੀਕਰਨ ਬਾਰੇ ਕਿਸਾਨ ਕਾਫ਼ੀ ਉਤਸ਼ਾਹਿਤ ਹਨ ਤੇ ਉਹ ਦੂਜੀਆਂ ਮੰਡੀਆਂ ਨਾਲ ਮੁਲਾਂਕਣ ਕਰ ਕੇ ਆਪਣੇ ਉਤਪਾਦ ਵੇਚ ਸਕਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਵੀ ਇਸ ਸਬੰਧੀ ਜਾਣਕਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਲੋੜ ਮੁਤਾਬਿਕ ਸਾਰੇ ਹੀ ਕਿਸਾਨ ਨੂੰ ਇੰਟਰਨੈੱਟ ਸੇਵਾ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਸ: ਕਾਲੇਕਾ ਦਾ ਸੁਝਾਅ ਹੈ ਕਿ ਸਰਕਾਰਾਂ ਨੂੰ ਅਗਾਊਂ ਹੀ ਫ਼ਸਲ ਬੀਜਣ ਤੋਂ ਪਹਿਲਾਂ ਫ਼ਸਲਾਂ ਦੇ ਭਾਅ ਐਲਾਨਣੇ ਚਾਹੀਦੇ ਹਨ, ਤਾਂ ਜੋ ਕਿਸਾਨ ਹੋਰਨਾਂ ਫ਼ਸਲਾਂ ਨੂੰ ਵੀ ਅਪਣਾ ਸਕਣ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਨੂੰ ਗੂਗਲ ਦੀ ਜਾਣਕਾਰੀ ਹੈ ਉਹ ਕਿਸਾਨਾਂ ਦੂਜਿਆਂ ਨਾਲੋਂ ਅੱਗੇ ਹਨ।

ਗੁਰਪ੍ਰੀਤ ਸਿੰਘ ਸ਼ੇਰਗਿੱਲ : ਅੰਤਰਰਾਸ਼ਟਰੀ ਪੱਧਰ 'ਤੇ ਫੁੱਲਾਂ ਦੀ ਖੇਤੀ ਰਾਹੀਂ ਨਾਮਣਾ ਖੱਟਣ ਵਾਲੇ ਮੰਜਾਲ ਪਿੰਡ ਦੇ ਅਗਾਂਹਵਧੂ ਕਿਸਾਨ ਗੁਰਪ੍ਰੀਤ ਸਿੰਘ ਸ਼ੇਰਗਿੱਲ ਦਾ ਕਹਿਣਾ ਹੈ ਕਿ ਇਸ ਵੇਲੇ ਹਰ ਮਾਮਲੇ 'ਚ ਇੰਟਰਨੈਟ ਦਾ ਗਿਆਨ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ 'ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ' ਇਸ ਵੇਲੇ ਬਹੁਤ ਸਾਰੀ ਜਾਣਕਾਰੀ ਖਾਸਕਰ ਆਪਣਾ ਹਫ਼ਤਾਵਾਰੀ ਪੇਪਰ ਖੇਤੀ ਸੰਦੇਸ਼ ਵੀ ਇੰਟਰਨੈੱਟ 'ਤੇ ਪਾ ਦਿੰਦੇ ਹਨ, ਜਿਸ ਵਿਚ ਫ਼ਸਲਾਂ ਨੂੰ ਪੈਣ ਵਾਲੀਆਂ ਬਿਮਾਰੀਆਂ ਦੇ ਇਲਾਜ ਬਾਰੇ ਖੋਜ ਭਰਪੂਰ ਜਾਣਕਾਰੀ ਹੁੰਦੀ ਹੈ। ਉਨ੍ਹਾਂ ਹੋਰ ਕਿਹਾ ਕਿ ਇਸ ਸੇਵਾ ਰਾਹੀਂ ਕਿਸਾਨਾਂ ਨੂੰ ਕਈ ਪਾਬੰਦੀਸ਼ੁਦਾ ਉਤਪਾਦਾਂ ਦੀ ਵੀ ਜਾਣਕਾਰੀ ਮਿਲ ਜਾਂਦੀ ਹੈ। ਉਨ੍ਹਾਂ ਆਖਿਆ ਕਿ ਅੱਜ ਦੀ ਦੁਨੀਆ 'ਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਜਾਣਕਾਰੀ ਬਹੁਤ ਜ਼ਰੂਰੀ ਹੈ। ਉਨ੍ਹਾਂ ਹੋਰ ਕਿਹਾ ਕਿ ਇਸ ਸਬੰਧ 'ਚ ਜ਼ਿਲ੍ਹਾ ਪੱਧਰ 'ਤੇ ਕਿਸਾਨਾਂ ਦੇ ਆਪਸੀ ਸਮੂਹ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਗਿਆਨ ਦਾ ਅਦਾਨ-ਪ੍ਰਦਾਨ ਹੋ ਸਕੇ। ਅਜੋਕੇ ਸਮੇਂ ਅੰਦਰ ਆਧੁਨਿਕਤਾ ਦੀ ਬਹੁਤ ਹੀ ਸਖ਼ਤ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨਾਂ ਨੂੰ ਮੰਡੀਕਰਨ ਦੀ ਸਮਝ ਦੇ ਦਿੱਤੀ ਜਾਵੇ ਤਾਂ ਉਹ ਕਣਕ ਝੋਨੇ ਨੂੰ ਬਦਲ ਕੇ ਹੋਰਨਾਂ ਫ਼ਸਲਾਂ ਨੂੰ ਤਰਜੀਹ ਦੇ ਸਕਦੇ ਹਨ। ਉਨ੍ਹਾਂ ਆਖਿਆ ਕਿ ਬਹੁਤ ਸਾਰੇ ਕਿਸਾਨਾਂ ਵੱਲੋਂ ਬਣਾਏ ਵਟਸਐਪ ਸਮੂਹ ਉਨ੍ਹਾਂ ਨੂੰ ਬਹੁਤ ਹੀ ਜਾਣਕਾਰੀ ਦੇ ਕੇ ਅੱਗੇ ਲਿਜਾਉਣ 'ਚ ਸਹਾਈ ਹੋ ਰਹੇ ਹਨ।

ਜਤਿੰਦਰ ਸਿੰਘ ਸਿਊਣਾ: ਇਸ ਕਿਸਾਨ ਨੇ ਵੀ ਆਧੁਨਿਕਤਾ ਦੇ ਦੌਰ 'ਚ ਕਿਸਾਨਾਂ ਨੂੰ ਇੰਟਰਨੈੱਟ ਦਾ ਗਿਆਨ ਜ਼ਰੂਰੀ ਹੈ। ਇਸ ਸਬੰਧੀ ਸਰਕਾਰ ਖੇਤੀ ਵਿਭਾਗ ਰਾਹੀਂ ਕਿਸਾਨਾਂ ਨੂੰ ਜਾਗਰੂਕ ਕਰੇ ਉਨ੍ਹਾਂ ਦਾ ਸੁਝਾਅ ਹੈ ਕਿ ਇਸ ਸਬੰਧੀ ਖੇਤੀ ਵਿਭਾਗ ਜ਼ਿਲ੍ਹੇ ਅੰਦਰ ਅਤੇ ਇਸੇ ਤਰ੍ਹਾਂ ਪੰਜਾਬ ਅੰਦਰ ਕਿਸਾਨਾਂ ਦੇ ਸਮੂਹ ਬਣਾਏ ਜਾਣ ਤੇ ਉਨ੍ਹਾਂ ਨੂੰ ਖੇਤੀ ਵਿਭਾਗ ਸੰਦੇਸ਼ ਜਾਂ ਵਟਸਐਪ ਦੇ ਜ਼ਰੀਏ ਖੇਤੀ ਸਬੰਧੀ ਆਧੁਨਿਕ ਸੰਦੇਸ਼ ਭੇਜਣ ।

ਡਾ: ਰਵਿੰਦਰਪਾਲ ਸਿੰਘ ਚੱਠਾ: ਖੇਤੀ ਵਿਭਾਗ ਦੇ ਤਕਨੀਕੀ ਸਹਾਇਕ ਡਾ: ਰਵਿੰਦਰਪਾਲ ਸਿੰਘ ਚੱਠਾ ਦਾ ਕਹਿਣਾ ਹੈ ਕਿ ਪਹਿਲਾਂ ਖੇਤੀ ਵਿਭਾਗ ਕੈਂਪ ਲਗਾ ਕੇ ਜਾਣਕਾਰੀ ਦਿੰਦਾ ਸੀ । ਉਨ੍ਹਾਂ ਮੰਨਿਆ ਕਿ ਹੁਣ ਬਹੁਤ ਸਾਰੇ ਕਿਸਾਨ ਇੰਟਰਨੈੱਟ ਨੂੰ ਤਰਜੀਹ ਦੇਣ ਲੱਗੇ ਹਨ ਤੇ ਉਸ ਦਾ ਫ਼ਾਇਦਾ ਵੀ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਬਹੁ ਗਿਣਤੀ ਕਿਸਾਨ ਹੁਣ ਇੰਟਰਨੈੱਟ ਦੀ ਜਾਣਕਾਰੀ ਦੇਖ ਕੇ ਹੀ ਆਪਣੀ ਫ਼ਸਲ ਸਬੰਧੀ ਨਿਤਮਰਾ ਦੀ ਵਿਉਂਤਬੰਦੀ ਕਰਦੇ ਹਨ।

**-ਪਟਿਆਲਾ।**



# ਗੁਣਕਾਰੀ ਸਬਜ਼ੀ ਕੌੜੇ ਕਰੇਲੇ ਦਾ ਕਮਾਲ

**ਸ਼ੇਖ ਯਹਿਆ ਸਿੱਦੀਕੀ**



ਦੇਸ਼ ਭਰ ਵਿਚ ਮਿਲਣ ਵਾਲਾ ਸਸਤਾ ਜਿਹਾ ਕਰੇਲਾ ਬਹੁਤ ਜ਼ਿਆਦਾ ਗੁਣਕਾਰੀ ਸਬਜ਼ੀ ਹੈ। ਇਸ ਵਿਚ ਦਵਾਈ ਵਾਲੇ ਗੁਣ ਕੁੱਟ-ਕੁੱਟ ਕੇ ਭਰੇ ਹੁੰਦੇ ਹਨ। ਕਰੇਲਾ ਸ਼ੂਗਰ ਅਤੇ ਦਿਲ ਦੇ ਰੋਗੀਆਂ ਲਈ ਲਾਭਦਾਇਕ ਹੈ। ਆਮ ਤੌਰ 'ਤੇ ਇਸ ਦੀ ਵਰਤੋਂ ਤਾਂ ਸਬਜ਼ੀ ਦੇ ਰੂਪ ਵਿਚ ਹੁੰਦੀ ਹੈ ਪਰ ਇਸ ਦੀਆਂ ਛਿੱਲਾਂ, ਪੱਤੇ, ਜੜ੍ਹ, ਲਤਾਵਾਂ ਅਤੇ ਫੁੱਲਾਂ ਦੀ ਵੀ ਦਵਾਈ ਲਈ ਵਰਤੋਂ ਕੀਤੀ ਜਾਂਦੀ ਹੈ।

ਆਯੁਰਵੈਦ ਦੇ ਮੁਤਾਬਿਕ ਕਰੇਲਾ ਗਰਮ, ਹਲਕਾ ਅਤੇ ਸਵਾਦ ਵਿਚ ਪ੍ਰਚੰਡ ਕੌੜਾ ਹੁੰਦਾ ਹੈ। ਇਹ ਦਸਤਾਵਰ, ਵਾਤਦੋਸ਼ ਨਾਸ਼ਕ, ਜਵਰ, ਕਫ, ਪਿੱਤ, ਪ੍ਰਮੇਹ, ਪਾਂਡੂਰੋਗ ਅਤੇ ਕ੍ਰਿਮਿਨਾਸ਼ਕ ਹੁੰਦਾ ਹੈ। ਇਹ ਰੁਚੀਕਰ ਅਤੇ ਪਾਚਕ ਹੁੰਦਾ ਹੈ। ਇਸ ਵਿਚ ਪ੍ਰੋਟੀਨ, ਫਾਸਫੋਰਸ, ਲੋਹ, ਕੈਲਸ਼ੀਅਮ ਆਦਿ ਰਸਾਇਣਕ ਤੱਤ ਭਰਪੂਰ ਮਾਤਰਾ ਵਿਚ ਹੁੰਦੇ ਹਨ। ਵਿਟਾਮਿਨ 'ਸੀ' ਦੀ ਭਰਪੂਰਤਾ ਕਾਰਨ ਇਹ ਭੋਜਨ ਪਚਾਉਣ ਵਿਚ ਸਹਾਇਕ ਹੁੰਦਾ ਹੈ।

ਕਰੇਲੇ ਦਾ ਕੌੜਾਪਨ ਮਨੁੱਖੀ ਸਿਹਤ ਲਈ ਲਾਭਦਾਇਕ ਹੁੰਦਾ ਹੈ। ਕੌੜੇ ਰਸ ਕਾਰਨ ਸ਼ੂਗਰ ਰੋਗ ਵਿਚ ਵਿਸ਼ੇਸ਼ ਲਾਭਦਾਇਕ ਹੁੰਦਾ ਹੈ। ਜੇ ਕਰੇਲੇ ਦੇ ਰਸ ਦਾ ਨਿਯਮਤ ਸੇਵਨ ਕੀਤਾ ਜਾਵੇ ਤਾਂ ਖ਼ੂਨ ਸ਼ਰਕਰਾ ਨੂੰ ਕਾਬੂ ਕੀਤਾ ਜਾ ਸਕਦਾ ਹੈ। ਇਸ ਲਈ ਬ੍ਰਿਟਿਸ਼ ਵਿਗਿਆਨੀਆਂ ਨੇ ਕਰੇਲੇ ਨੂੰ ਪਲਾਂਟ ਇਨਸੁਲਿਨ ਦੀ ਉਪਾਧੀ ਦਿੱਤੀ ਹੈ। ਇਸ ਦੇ ਸੇਵਨ ਨਾਲ ਕੋਲੈਸਟ੍ਰੋਲ ਨੂੰ ਵੀ ਕਾਬੂ ਕੀਤਾ ਜਾ ਸਕਦਾ ਹੈ।

ਕਰੇਲਾ ਮਾਂ ਦੇ ਦੁੱਧ ਵਿਚ ਵਿਯਾਪਤ ਮੋਟਾਪੇ ਅਤੇ ਕਈ ਵਿਕਾਰਾਂ ਨੂੰ ਦੂਰ ਕਰਦਾ ਹੈ। ਗਰਮ ਹੋਣ ਕਾਰਨ ਔਰਤਾਂ ਦੇ ਪੀੜਾਦਾਇਕ ਮਾਸਕ ਸ੍ਰਾਵ ਵਿਚ ਲਾਭਦਾਇਕ ਹੁੰਦਾ ਹੈ। ਇਸ ਤੋਂ ਇਲਾਵਾ ਗਠੀਆ ਰੋਗੀ ਨੂੰ ਕਰੇਲੇ ਦਾ ਰਸ ਲਗਾਉਣਾ ਚਾਹੀਦਾ ਹੈ ਅਤੇ ਰੋਗੀਆਂ ਨੂੰ ਉਬਲਿਆ ਕਰੇਲਾ ਖਵਾਉਣਾ ਚਾਹੀਦਾ ਹੈ। ਕਰੇਲਾ ਨਾ ਮਿਲੇ ਤਾਂ ਇਸ ਦੇ ਪੱਤੇ ਅਤੇ ਲਤਾਵਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਦਸਤਾਵਰ ਹੋਣ ਦੇ ਕਾਰਨ ਕਰੇਲਾ ਕਬਜ਼ ਰੋਗਨਾਸ਼ਕ ਹੁੰਦਾ ਹੈ। ਇਹ ਦਿਲ ਦੀ ਕਿਰਿਆਸ਼ੀਲਤਾ ਵਧਾ ਕੇ ਪਾਚਕ ਪਿੱਤ ਦਾ ਸ੍ਰਾਵ ਵਧਾਉਂਦਾ ਹੈ। ਬਵਾਸੀਰ ਦੇ ਰੋਗੀ ਨੂੰ ਕਰੇਲੇ ਦੇ ਪੱਤਿਆਂ ਦੇ ਨਾਲ ਦਹੀਂ ਦਾ ਸੇਵਨ ਕਰਨਾ ਚਾਹੀਦਾ ਹੈ। ਖ਼ੂਨੀ ਬਵਾਸੀਰ ਵਿਚ ਇਕ ਚਮਚ ਕਰੇਲੇ ਦੇ ਰਸ ਵਿਚ ਸ਼ੱਕਰ ਮਿਲਾ ਕੇ ਕੁਝ ਦਿਨਾਂ ਤੱਕ ਸੇਵਨ ਕਰਨ ਨਾਲ ਲਾਭ ਹੁੰਦਾ ਹੈ। ਯਕ੍ਰਤ ਰੋਗ ਵਿਚ ਇਸ ਦਾ ਰਸ ਲਾਭਕਾਰੀ ਹੁੰਦਾ ਹੈ। ਤਿੱਲੀ ਵਧ ਜਾਣ 'ਤੇ 25 ਮਿਲੀ: ਕਰੇਲੇ ਦਾ ਰਸ ਪਾਣੀ ਵਿਚ ਮਿਲਾ ਕੇ ਪੀਣ ਨਾਲ ਸੋਜ ਘੱਟ ਹੋ ਜਾਂਦੀ ਹੈ।ਕਰੇਲਾ ਚਮੜੀ ਰੋਗਾਂ ਜਿਵੇਂ ਫੋੜੇ, ਫਿਨਸੀਆਂ, ਖੁਜਲੀ ਅਤੇ ਖ਼ੂਨ ਦੀ ਖਰਾਬੀ ਵਿਚ ਬਹੁਤ ਗੁਣਕਾਰੀ ਹੁੰਦਾ ਹੈ। ਇਹ ਖ਼ੂਨ ਨੂੰ ਸਾਫ ਕਰਦਾ ਹੈ। ਦਾਦ-ਖਾਜ ਦੇ ਰੋਗੀ ਉਬਲੇ ਹੋਏ ਕਰੇਲੇ ਨੂੰ ਨਿੰਬੂ ਰਸ, ਸ਼ਹਿਦ ਅਤੇ ਅਜ਼ਵਾਇਣ ਦੇ ਨਾਲ ਹਰ ਰੋਜ਼ ਸਵੇਰੇ-ਸ਼ਾਮ ਸੇਵਨ ਕਰਨ। ਕਾਫੀ ਲਾਭਦਾਇਕ ਹੋਵੇਗਾ।



# ਕੁਦਰਤੀ ਵਸੀਲਿਆਂ ਬਾਰੇ ਜਾਗਣ ਦਾ ਵੇਲਾ

**ਸਿਮਰਨਜੀਤ ਕੌਰ ਲੋਚੀ**



ਰੱਬ ਨਾ ਕਰੇ, ਕਦੀ ਸਾਨੂੰ ਹਸਪਤਾਲ ਜਾਣਾ ਪਏ ਤਾਂ ਪਤਾ ਲੱਗਦਾ ਹੈ ਕਿ ਰੱਬ ਨੇ ਸਾਨੂੰ ਜਿਹੜੀ ਜ਼ਿੰਦਗੀ ਦਿੱਤੀ ਹੈ ਉਹ ਹੀ ਸਭ ਤੋਂ ਵਡਮੁੱਲਾ ਖ਼ਜ਼ਾਨਾ ਹੈ ਅਤੇ ਅਸੀਂ ਜੇਕਰ ਸਾਰੀ ਉਮਰ ਸਿਰਫ਼ ਇਸ ਦੇਹ ਲਈ ਹੀ ਰੱਬ ਦਾ ਸ਼ੁਕਰਾਨਾ ਕਰੀਏ ਤਾਂ ਵੀ ਘੱਟ ਹੈ ਪਰ ਸ਼ੁਕਰਾਨਾ ਤਾਂ ਸਾਡੇ ਚਿੱਤ-ਚੇਤੇ ਵੀ ਨਹੀਂ। ਸਾਡਾ ਤਾਂ ਸਾਰਾ ਦਿਨ ਇਨ੍ਹਾਂ ਫਿਕਰਾਂ ਵਿਚ ਹੀ ਨਿਕਲ ਜਾਂਦਾ ਹੈ ਕਿ ਸਰਕਾਰਾਂ ਇਹ ਨਹੀਂ ਕਰ ਰਹੀਆਂ, ਸਰਕਾਰਾਂ ਉਹ ਨੀ ਕਰ ਰਹੀਆਂ, ਇਹ ਕਿ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਪਾਣੀ ਬਚਾਉਣ ਨਹੀਂ ਤਾਂ ਧਰਤੀ ਬੰਜਰ ਬਣ ਜਾਵੇਗੀ, ਇਹ ਕਿ ਕਿਸੇ ਹੋਰ ਦੇਸ਼ ਦੇ ਕਿਸਾਨ ਆਪਣੇ ਖੇਤਾਂ ਵਿਚ ਰੁੱਖ ਲਗਾ ਲੈਣ, ਸਰਕਾਰਾਂ ਬਿਜਲੀ ਦੀ ਸਪਲਾਈ ਨਿਰਵਿਘਨ ਦੇਣ ਅਤੇ ਉਹ ਵੀ ਘੱਟ ਤੋਂ ਘੱਟ ਮੁੱਲ 'ਤੇ, ਫਿਰ ਅਸੀਂ ਭਾਵੇਂ ਜਿਵੇਂ ਮਰਜ਼ੀ ਘਰਾਂ-ਦਫ਼ਤਰਾਂ ਵਿਚ ਬਿਜਲੀ ਦੀ ਬਰਬਾਦੀ ਕਰ ਸਕੀਏ, ਅਸੀਂ ਇਕ ਬਾਲਟੀ ਪਾਣੀ ਦੀ ਥਾਂ ਭਾਵੇਂ ਦਸ ਡਰੰਮ ਵਰਤੀਏ ਪਰ ਮਨ ਵਿਚ ਝੂਰਦੇ ਹਾਂ ਕਿ ਗੁਆਂਢੀ ਦੇਖੋ ਕਿੱਦਾਂ ਸਬਮਰਸੀਬਲ ਦੀ ਦੁਰਵਰਤੋਂ ਕਰਦੇ ਹੋਏ ਧਰਤੀ ਹੇਠਲੇ ਪਾਣੀ ਨੂੰ ਅਜਾਈਂ ਗਵਾ ਰਹੇ ਹਨ, ਇਨ੍ਹਾਂ ਨੂੰ ਜ਼ਰੂਰ ਰੋਕਣਾ ਚਾਹੀਦਾ ਹੈ। ਧਰਤੀ ਦਾ ਤਾਪਮਾਨ ਜੋ ਦਿਨ-ਪ੍ਰਤੀ-ਦਿਨ ਵਧਦਾ ਜਾ ਰਿਹਾ ਹੈ, ਉਸ ਨੂੰ ਵਿਗਿਆਨੀ ਚਮਤਕਾਰੀ ਢੰਗ ਨਾਲ ਕਾਬੂ ਕਰ ਲੈਣ, ਕਿਸੇ ਹੋਰ ਗ੍ਰਹਿ ਤੋਂ ਪ੍ਰਾਣੀ ਆਉਣ ਅਤੇ ਉਹ ਰਾਤੋ-ਰਾਤ ਸਾਡੇ ਪਿਘਲਦੇ ਹੋਏ ਗਲੇਸ਼ੀਅਰਾਂ ਨੂੰ ਜਮਾ ਜਾਣ ਪਰ ਅਸੀਂ ਖੁਦ ਕੀ ਕਰਨਾ ਹੈ ਆਖ਼ਰ ? ਉਹ ! ਇਹ ਤਾਂ ਕਦੀ ਸੋਚਿਆ ਹੀ ਨਹੀਂ ਕਿ ਅਸੀਂ ਵੀ ਕੁਝ ਕਰ ਸਕਦੇ ਹਾਂ।

ਅਸੀਂ ਸਾਰੇ ਚਿੰਤਾ ਤਾਂ ਬਹੁਤ ਕਰਦੇ ਹਾਂ ਪਰ ਅਫ਼ਸੋਸ ਕਰ ਕੁਝ ਨਹੀਂ ਰਹੇ। ਸਾਨੂੰ ਇਹ ਜ਼ਰੂਰ ਹੈ ਕਿ ਅਸੀਂ ਆਪਣੇ ਬੱਚਿਆਂ ਤੇ ਉਨ੍ਹਾਂ ਦੇ ਵੀ ਬੱਚਿਆਂ ਲਈ ਬੈਂਕ ਤਾਂ ਭਰ ਦੇਈਏ ਭਾਵੇਂ ਉਹ ਕੁਦਰਤ ਦੀ ਕੁਰਬਾਨੀ ਦੇ ਕੇ ਹੀ ਸੰਭਵ ਕਿਉਂ ਨਾ ਹੋਵੇ ਪਰ ਇਹ ਕਦੀ ਨਹੀਂ ਸੋਚਦੇ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਅਸਲ ਸਰਮਾਇਆ ਸਾਫ਼-ਸੁਥਰੀ ਹਵਾ, ਸ਼ੁੱਧ ਪਾਣੀ ਅਤੇ ਸੁਖਾਵਾਂ ਅਤੇ ਖੁੱਲ੍ਹਾ ਵਾਤਾਵਰਨ ਹਨ।

ਫਿਰ ਅਸਲ ਵਿਚ ਅਸੀਂ ਕਰਨਾ ਕੀ ਹੈ ? ਮੇਰਾ ਮਕਸਦ ਤੁਹਾਨੂੰ ਕੋਈ ਬਹੁਤ ਡੂੰਘਾ ਗਿਆਨ ਦੇਣਾ ਨਹੀਂ ਹੈ। ਤੁਸੀਂ ਕੁਝ ਛੋਟੀਆਂ-ਛੋਟੀਆਂ ਚੀਜ਼ਾਂ ਨੂੰ ਸੋਚਣਾ ਹੈ, ਮਹਿਸੂਸ ਕਰਨਾ ਹੈ ਤੇ ਫਿਰ ਜੋ ਤੁਹਾਡਾ ਦਿਲ ਕਰੇ, ਤੁਸੀਂ ਉਹ ਕਰਨਾ ਹੈ।

× ਵਣ-ਮਹਾਂ ਉਤਸਵ 'ਤੇ ਸਿਰਫ਼ ਫੋਟੋਆਂ ਨਾ ਖਿਚਵਾਈਆਂ ਜਾਣ, ਸਗੋਂ ਪਿਛਲੇ ਸਾਲ ਲਗਾਏ ਹੋਏ ਬੂਟਿਆਂ ਦੇ ਵਾਧੇ ਦਾ ਵੇਰਵਾ ਦਿੱਤਾ ਜਾਵੇ ਅਤੇ ਨਵੇਂ ਬੂਟੇ ਲਗਾਏ ਜਾਣ।

× ਜਿੱਥੇ ਵੀ ਕਿਤੇ ਖਾਲੀ ਥਾਂ ਵੇਖੀਏ, ਖਾਸ ਕਰਕੇ ਸਕੂਲਾਂ, ਕਾਲਜਾਂ, ਹਸਪਤਾਲਾਂ, ਪੈਟਰੋਲ ਪੰਪਾਂ, ਧਾਰਮਿਕ ਸਥਾਨਾਂ, ਪਿੰਡਾਂ ਦੀ ਫਿਰਨੀ ਆਦਿ 'ਤੇ ਵੱਧ ਤੋਂ ਵੱਧ ਰੁੱਖ ਲਗਾਈਏ ਅਤੇ ਹੋਰਾਂ ਨੂੰ ਵੀ ਪ੍ਰੇਰਿਤ ਕਰੀਏ।

× ਸਵੱਛ ਭਾਰਤ ਅਭਿਆਨ ਨਾਲ ਜੁੜੀਏ, ਆਪਣਾ ਆਲਾ-ਦੁਆਲਾ ਸਾਫ਼ ਰੱਖੀਏ ਅਤੇ ਆਪਣੇ ਬੱਚਿਆਂ ਨੂੰ ਵੀ ਸਾਫ਼-ਸਫ਼ਾਈ ਲਈ ਪ੍ਰੇਰੀਏ।

× ਹਰ ਸਾਲ ਆਪਣੇ ਕਿਸੇ ਖਾਸ ਪਰਿਵਾਰਕ ਮੌਕੇ 'ਤੇ ਕਿਸੇ ਗਰੀਬ ਪਰਿਵਾਰ ਨੂੰ ਫ਼ਲਾਂ ਦੇ ਦੋ ਬੂਟੇ ਆਪਣੀ ਕਿਸੇ ਥਾਂ 'ਤੇ ਲਗਾ ਕੇ ਦਿੱਤੇ ਜਾਣ।

× ਆਪਣੇ ਘਰ ਦੇ ਬਾਹਰ ਇਕ ਕਟੋਰਾ ਜਾਨਵਰਾਂ ਦੇ ਪਾਣੀ ਤੇ ਰੋਟੀ ਲਈ ਰੱਖੀਏ, ਦੂਜਾ ਕਟੋਰਾ ਛੱਤ 'ਤੇ ਪੰਛੀਆਂ ਦੇ ਪਾਣੀ ਲਈ ਅਤੇ ਦਾਣੇ ਰੱਖੀਏ।

ਸੋ ਅੱਜ ਹੀ ਕੁਦਰਤ ਦਾ ਘਾਣ ਨਾ ਕਰਨ ਦੀ ਸਹੁੰ ਖਾਈਏ ਅਤੇ ਕੁਦਰਤ ਪ੍ਰਤੀ ਆਪਣੇ ਫਰਜ਼ ਨਿਭਾਈਏ।

**-ਰਣਜੀਤ ਕਾਲੋਨੀ, ਸੰਗਰੂਰ**

